
daily lokbani
Email : lokbani08@gmail.com

ਰੋਜ਼ਾਨਾ ਸੱਚ ਤੇ ਨਿਡਰ ਆਵਾਜ਼
# ਲੋਕ ਬਾਣੀ
ਐਤਵਾਰ, 12 ਸਿਤੰਬਰ 2021



# ਸੰਡੇ ਸਪੈਸ਼ਲ

## ਮਾਨਸੂਨ ’ਚ ਜ਼ਰੂਰ ਖਾਓ ਛੱਲੀ

**ਪੂਰੇ** ਭਾਰਤ ਵਿੱਚ ਬਰਸਾਤੀ ਮੌਸਮ ਦੀ ਸੁਰੂਆਤ ਹੋ ਚੁੱਕੀ ਹੈ, ਅਜਿਹੀ ਸਥਿਤੀ ਵਿੱਚ ਹਰ ਕੋਈ ਆਪਣੇ ਘਰਾਂ ਵਿੱਚ ਮੱਕੀ ਖਾਣਾ ਪਸੰਦ ਕਰਦਾ ਹੈ।ਖਾਣ ਵਿੱਚ ਮੱਕੀ ਜਿੰਨੇ ਸਵਾਦ ਲੱਗਦੇ ਹਨ, ਉਨੇ ਹੀ ਸਿਹਤ ਲਈ ਵੀ ਫਾਇਦੇਮੰਦ ਹੁੰਦੇ ਹਨ।

ਮਾਨਸੂਨ ਦੇ ਮੌਸਮ ਵਿੱਚ ਮੱਕੀ ਖਾਣ ਦੀ ਵੀ ਸਲਾਹ ਦਿੱਤੀ ਜਾਂਦੀ ਹੈ।ਦਰਅਸਲ, ਮੱਕੀ ਵਿੱਚ ਬਹੁਤ ਸਾਰੇ ਮਹੱਤਵਪੂਰਨ ਪੌਸਟਿਕ ਤੱਤ ਅਤੇ ਫੈਟੀ ਐਸਿਡ ਪਾਏ ਜਾਂਦੇ ਹਨ, ਜੋ ਸਾਨੂੰ ਸਾਲ ਭਰ ਤੰਦਰੁਸਤ ਰੱਖਣ ਵਿਚ ਸਹਾਇਤਾ ਕਰਦੇ ਹਨ।ਦਿਲ ਤੇ ਦਿਮਾਗ ਲਈ ਫਾਇਦੇਮੰਦ

ਮੱਕੀ ਦੀ ਰੋਟੀ ਤੋਂ ਲੈ ਕੇ ਤੱਕ ਮੱਕੀ ਨੂੰ ਕਈ ਤਰੀਕਿਆਂ ਨਾਲ ਆਪਣੀ ਖੁਰਾਕ ਵਿੱਚ ਸਾਮਿਲ ਕੀਤਾ ਜਾ ਸਕਦਾ ਹੈ। ਫਾਈਬਰ ਨਾਲ ਭਰਪੂਰ ਮੱਕੀ ਦਿਲ ਤੋਂ ਲੈ ਕੇ ਸਾਡੀ ਮਾਨਸਿਕ ਸਿਹਤ ਲਈ ਵੀ ਬਹੁਤ ਫਾਇਦੇਮੰਦ ਹੈ।ਆਓ ਜਾਣਦੇ ਹਾਂ ਮੱਕੀ ਖਾਣ ਦੇ ਫਾਇਦੇ:

### 1. ਫਾਈਬਰ

ਮੱਕੀ ਨਾਲ ਭਰਪੂਰ ਹੁੰਦੀ ਹੈ ਜੋ ਅੰਤੜੀਆਂ ਨੂੰ ਸਿਹਤਮੰਦ ਰੱਖਦੀ ਹੈ।ਇਸਦੇ ਸੇਵਨ ਨਾਲ ਕਬਜ ਨਹੀਂ ਹੁੰਦੀ ਅਤੇ ਤੁਹਾਡਾ ਪੇਟ ਲੰਬੇ ਸਮੇਂ ਲਈ ਭਰਿਆ ਰਹਿੰਦਾ ਹੈ। ਇਸ ਵਿੱਚ ਮੌਜੂਦ ਘੁਲਣਸੀਲ ਫਾਈਬਰ ਬਲੱਡ ਸੂਗਰ ਦੇ ਪੱਧਰ ਨੂੰ ਵੀ ਕੰਟਰੋਲ ਰੱਖਦਾ ਹੈ।

### 2. ਵਿਟਾਮਿਨ

ਮੱਕੀ ਵਿਟਾਮਿਨ ਬੀ ਨਾਲ ਭਰਪੂਰ ਹੁੰਦੀ ਹੈ ਜੋ ਵਾਲਾਂ ਅਤੇ ਹੱਡੀਆਂ ਲਈ ਬਹੁਤ ਫਾਇਦੇਮੰਦ ਹੁੰਦੀ ਹੈ। ਇਹ ਸਰੀਰ ਦੇ ਊਰਜਾ ਦੇ ਪੱਧਰ ਨੂੰ ਬਣਾਈ ਰੱਖਣ ਵਿੱਚ ਵੀ ਸਹਾਇਤਾ ਕਰਦੀ ਹੈ। ਇਸ ਤੋਂ ਇਲਾਵਾ ਇਹ ਵਿਟਾਮਿਨ ਏ ਨਾਲ ਭਰਪੂਰ ਵੀ ਹੁੰਦੀ ਹੈ ਜੋ ਇਮਿਊਨ ਸਿਸਟਮ ਨੂੰ ਮਜਬੂਤ ਰੱਖਦੀ ਹੈ।

### 3. ਐਂਟੀਆਕਸੀਡੈਂਟ

ਮੱਕੀ ਵਿੱਚ ਐਂਟੀਆਕਸੀਡੈਂਟ ਗੁਣ ਭਰਪੂਰ ਮਾਤਰਾ ਵਿੱਚ ਪਾਇਆ ਜਾਂਦਾ ਹੈ। ਜੋ ਕਿ ਕਿਸੇ ਵੀ ਤਰ੍ਹਾਂ ਦੀ ਨੂੰ ਘੱਟ ਕਰਦਾ ਹੈ ਅਤੇ ਤਣਾਅ ਤੋਂ ਬਚਾਉਂਦਾ ਹੈ।ਇਸ ਤੋਂ ਇਲਾਵਾ ਕੈਰੋਟਿਨੋਇਡਜ, ਲਯੂਟਿਨ ਅਤੇ ਜੇਕਸੈਂਥਿਨ ਵਰਗੇ ਐਂਟੀਆਕਸੀਡੈਂਟ ਅੱਖਾਂ ਨੂੰ ਤੰਦਰੁਸਤ ਰੱਖਦੇ ਹਨ।

### 4. ਮੋਟਾਪੇ ਤੋਂ ਬਚਾਅ

ਮੱਕੀ ਇੱਕ ਵਾਲਾ ਅਨਾਜ ਹੈ। ਇਸ ਦਾ ਸੇਵਨ ਕਰਨ ਨਾਲ ਪੇਟ ਲੰਬੇ ਸਮੇਂ ਲਈ ਭਰਿਆ ਰਹਿੰਦਾ ਹੈ ਅਤੇ ਸਾਨੂੰ ਵਧੇਰੇ ਕੈਲੋਰੀ ਲੈਣ ਦੀ ਜਰੂਰਤ ਨਹੀਂ ਪੈਂਦੀ। ਜਿਸ ਨਾਲ ਭਾਰ ਘਟਾਉਣ ਵਿੱਚ ਮਦਦ ਮਿਲਦੀ ਹੈ।





ਹਰ ਦਿਨ ਪੰਜਾਬ ਭਰ 'ਚੋਂ ਅਦਾਰੇ ਨੂੰ ਮਿਲ ਰਹੇ ਪਿਆਰ ਅਤੇ ਸਹਿਯੋਗ ਦਾ ਦਿਲੋਂ ਧੰਨਵਾਦ

ਮੁੱਖ ਸੰਪਾਦਕ :- ਅਮਨਦੀਪ ਮਹਿਰਾ

ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ

Email : lokbani08@gmail.com

ਐਤਵਾਰ, 12 ਸਿਤੰਬਰ 2021

(ਜਲੰਧਰ)



ਰੋਜ਼ਾਨਾ ਪੰਜਾਬੀ ਅਖ਼ਬਾਰ 'ਲੋਕ ਬਾਣੀ'

ਆਪ ਪੜ੍ਹੋ ਅਤੇ ਹੋਰਨਾਂ ਨੂੰ ਵੀ ਪੜ੍ਹਾਓ। ਆਪਣੇ ਨਜ਼ਦੀਕੀ ਸਟਾਲ ਅਤੇ ਹਾਕਰ ਤੋਂ ਪ੍ਰਾਪਤ ਕਰੋ ਅਤੇ ਕਿਸੇ ਕਿਸਮ ਦੀ ਪ੍ਰੇਸ਼ਾਨੀ ਲਈ ਹੇਠ ਲਿਖੇ ਨੰਬਰ 'ਤੇ ਸੰਪਰਕ ਕਰੋ।

0181-2211009



R.N.I. Punpun/29016/2008 ✲ ਸਾਲ : 14 ✲ ਅੰਕ : 223 ✲ ਮੁੱਲ : 2.00 ਰੁਪਏ ✲ ਕੁੱਲ ਪੇਜ਼ : 10 ✲ ਫੈਕਸ : 0181-2211009 ✲ M. 99155-94111




## ਭਾਰੀ ਮੀਂਹ ਪੈਣ ਨਾਲ ਦਿੱਲੀ ਹਵਾਈ ਅੱਡੇ ਤੇ 5 ਜਹਾਜਾਂ ਦੇ ਰਸਤੇ ਬਦਲੇ ਗਏ

**ਨਵੀਂ ਦਿੱਲੀ/ਕਪੂਰ**

ਇਥੋਂ ਦੇ ਕੌਮਾਂਤਰੀ ਇੰਦਰਾ ਗਾਂਧੀ ਹਵਾਈ ਦੇ ਵਿਹੜੇ 'ਚ ਵਿੱਚ ਮੀਂਹ ਦਾ ਪਾਣੀ ਭਰ ਗਿਆ ਮੀਂਹ ਦਾ ਪਾਣੀ ਟਰਮੀਨਲ ਦੇ ਅੰਦਰ ਤੱਕ ਪੁੱਜ ਗਿਆ, ਜਿਸ ਕਾਰਨ ਲੋਕਾਂ ਤੇ ਹਵਾਈ ਅੱਡਾ ਕਰਮਚਾਰੀਆਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ।ਅੱਜ ਸਵੇਰੇ ਹਵਾਈ ਅੱਡੇ ਤੋਂ ਪੰਜ ਉਡਾਣਾਂ ਦਾ ਰਾਹ ਬਦਲ ਦਿੱਤ ਗਿਆ। ਦੋ ਸਪਾਈਸਜੈੱਟ ਉਡਾਣਾਂ ਅਤੇ ਇੱਕ ਇੰਡੀਗੋ ਅਤੇ ਗੋ ਫਰਸਟ ਉਡਾਣਾਂ ਨੂੰ ਜੈਪੁਰ ਵੱਲ ਮੋੜਿਆ ਗਿਆ ਹੈ। ਦੁਬਈ ਤੋਂ ਦਿੱਲੀ ਆ ਰਹੀ ਅੰਤਰਰਾਸਟਰੀ ਉਡਾਣ ਨੂੰ ਅਹਿਮਦਾਬਾਦ ਵੱਲ ਮੋੜ ਦਿੱਤਾ ਗਿਆ ਹੈ। ਦਿੱਲੀ ਹਵਾਈ ਅੱਡਾ ਅਥਾਰਟੀ ਨੇ ਕਿਹਾ ਕਿ ਮੀਂਹ ਦਾ ਪਾਣੀ ਕੁੱਝ ਸਮੇਂ ਲਈ ਅੱਡੇ 'ਚ ਖੜਿਅ ਸੀ।

# 21 ਅਮਰੀਕੀ ਨਾਗਰਿਕਾਂ ਨੂੰ ਅਫਗਾਨਿਸਤਾਨ ਤੋਂ ਸੁਰੱਖਿਅਤ ਕੱਢਿਆ

**ਫਰਿਜਨੋ/ਲੋਕ ਬਾਣੀ**

ਅਮਰੀਕੀ ਪ੍ਰਸਾਸਨ ਵੱਲੋਂ ਸੁੱਕਰਵਾਰ ਨੂੰ ਕੁਝ ਹੋਰ ਅਮਰੀਕੀ ਨਾਗਰਿਕਾਂ ਨੂੰ ਤਾਲਿਬਾਨ ਵੱਲੋਂ ਰਵਾਨਗੀ ਦੀ ਆਗਿਆ ਦਿੱਤੇ ਜਾਣ ਬਾਅਦ ਸੁਰੱਖਿਅਤ ਵਾਪਸ ਲਿਆਂਦਾ ਗਿਆ ਹੈ। ਵਿਦੇਸ ਮੰਤਰੀ ਐਂਟਨੀ ਬਲਿੰਕੇਨ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅਫਗਾਨਿਸਤਾਨ 'ਚ ਸੁੱਕਰਵਾਰ ਨੂੰ 21 ਅਮਰੀਕੀ ਨਾਗਰਿਕਾਂ ਅਤੇ 11 ਕਾਨੂੰਨੀ ਸਥਾਈ ਵਸਨੀਕਾਂ ਨੂੰ ਬਚਾਉਣ ਦੀ ਪ੍ਰਕਿਰਿਆ ਜਾਰੀ ਕੀਤੀ ਗਈ ਹੈ।

ਇਸ ਤੋਂ ਪਹਿਲਾਂ ਤਾਲਿਬਾਨ ਨੇ ਅਮਰੀਕੀਆਂ ਅਤੇ ਹੋਰ ਵਿਦੇਸੀ ਨਾਗਰਿਕਾਂ ਦੀ ਉਡਾਣ ਨੂੰ ਅਮਰੀਕੀ ਫੌਜਾਂ ਦੇ ਵਾਪਸ ਆਉਣ ਤੋਂ ਬਾਅਦ ਪਹਿਲੀ ਵਾਰ ਦੇਸ ਛੱਡਣ ਦੀ ਇਜਾਜਤ ਦਿੱਤੀ। ਜਿਸ ਉਪਰੰਤ ਇਸ ਦੌਰਾਨ, ਕਤਰ ਏਅਰਵੇਜ ਦੀ ਇੱਕ ਚਾਰਟਰ ਫਲਾਈਟ ਵੀ ਸੁੱਕਰਵਾਰ ਨੂੰ ਕਾਬੁਲ ਤੋਂ ਰਵਾਨਾ ਹੋਈ ਜਿਸ 'ਚ 19 ਅਮਰੀਕੀ ਨਾਗਰਿਕ ਸਵਾਰ ਸਨ, ਜਦਕਿ ਦੋ ਅਮਰੀਕੀਆਂ ਨੇ ਪ੍ਰਸਾਸਨ ਦੇ ਦਿਸਾ-ਨਿਰਦੇਸਾਂ ਅਨੁਸਾਰ ਕੋਈ ਅਣਦੱਸਿਆ ਲੈਂਡ ਬਾਰਡਰ ਕਰਾਸ ਕੀਤਾ। ਇਨ੍ਹਾਂ ਨਾਗਰਿਕਾਂ ਦੇ ਬਿਨਾਂ ਅਫਗਾਨਿਸਤਾਨ 'ਚ ਬਾਕੀ ਰਹਿੰਦੇ ਅਮਰੀਕੀ ਲੋਕਾਂ ਦੀ ਵਾਪਸੀ ਲਈ ਵੀ ਪ੍ਰਸਾਸਨ ਵੱਲੋਂ ਯਤਨ ਜਾਰੀ ਹਨ।




## ਵਿਦੇਸ਼ ਤੋਂ ਡਰੱਗ ਰੈਕੇਟ ਆਪ੍ਰੇਟ ਕਰਨ ਵਾਲੇ ਲਖਵਿੰਦਰ ਦਾ ਲੁਕ-ਆਊਟ ਨੋਟਿਸ ਜਾਰੀ

**ਅੰਮ੍ਰਿਤਸਰ/ਲੋਕ ਬਾਣੀ**

ਪਾਕਿਸਤਾਨ ਅਤੇ ਪੰਜਾਬ ਦੇ ਸਮੱਗਲਰਾਂ 'ਚ ਤਾਲਮੇਲ ਬਿਠਾਉਣ ਵਾਲੇ ਵਿਦੇਸ਼ 'ਚ ਲੁਕੇ ਬੈਠੇ ਲਖਵਿੰਦਰ ਸਿੰਘ ਉਰਫ ਸੋਨੂੰ ਦਾ ਜ਼ਿਲਾ ਅੰਮ੍ਰਿਤਸਰ ਦਿਹਾਤੀ ਦੀ ਪੁਲਸ ਵਲੋਂ ਲੁਕ-ਆਊਟ ਨੋਟਿਸ ਜਾਰੀ ਕਰਵਾਇਆ ਗਿਆ ਹੈ। ਪੁਲਸ ਇਸ ਗੱਲ ਦੀ ਵੀ ਜਾਂਚ ਕਰ ਰਹੀ ਹੈ ਕਿ ਭਗੌੜਾ ਹੋਣ ਦੇ ਬਾਵਜੂਦ ਲਖਵਿੰਦਰ ਕਿਹੜੇ ਪਾਸਪੋਰਟ 'ਤੇ ਵਿਦੇਸ਼ ਭੱਜਿਆ ਸੀ? ਜੰਮੂ-ਕਸ਼ਮੀਰ ਤੋਂ ਪੰਜਾਬ 'ਚ ਆਉਣ ਵਾਲੀ ਹੈਰੋਇਨ ਅਤੇ ਪੰਜਾਬ ਦੀਆਂ ਜੇਲਾਂ ਤੋਂ ਚੱਲ ਰਹੇ ਇਸ ਡਰੱਗ ਰੈਕੇਟ ਦਾ ਕਿੰਗ-ਪਿਨ ਲਖਵਿੰਦਰ ਸੋਨੂੰ ਮੰਨਿਆ ਜਾ ਰਿਹਾ ਹੈ, ਜੋ ਵਿਦੇਸ਼ ਤੋਂ ਫ਼ੰਡਿੰਗ ਦੇ ਨਾਲ-ਨਾਲ ਸਰਹੱਦ ਪਾਰ ਪਾਕਿਸਤਾਨ 'ਚ ਬੈਠੇ ਸਮੱਗਲਰਾਂ ਦੇ ਸਬੰਧ ਪੰਜਾਬ ਨਾਲ ਜੋੜ ਰਿਹਾ ਹੈ। ਬੇਸ਼ੱਕ ਦਿਹਾਤੀ ਪੁਲਸ ਹੁਣ ਤੱਕ ਇਸ ਡਰੱਗ ਰੈਕੇਟ 'ਚ ਵੱਡੀ ਰਿਕਵਰੀ ਕਰ ਚੁੱਕੀ ਹੈ ਪਰ ਅਜੇ ਤੱਕ 3 ਅਜਿਹੇ ਸਮੱਗਲਰਾਂ ਦੀ ਗ੍ਰਿਫਤਾਰੀ ਬਾਕੀ ਹੈ ਜੋ ਇਸ ਪੂਰੇ ਗੋਰਖ ਧੰਦੇ 'ਚ ਇਕ ਵਿਸ਼ੇਸ਼ ਭੂਮਿਕਾ ਨਿਭਾਅ ਰਹੇ ਹਨ, ਜਿਨ੍ਹਾਂ ਨੂੰ ਜਲਦੀ ਗ੍ਰਿਫਤਾਰ ਕੀਤੇ ਜਾਣ ਦਾ ਦਾਅਵਾ ਐੱਸ. ਐੱਸ. ਪੀ. ਦਿਹਾਤੀ ਗੁਲਨੀਤ ਸਿੰਘ ਖੁਰਾਣਾ ਨੇ ਕੀਤਾ। ਹਾਲ ਹੀ 'ਚ ਛੇਹਰਟਾ ਤੋਂ ਗ੍ਰਿਫਤਾਰ ਕੀਤੇ ਗਏ ਟੈਕਸੀ ਡਰਾਇਵਰ ਅਮਨਦੀਪ ਸਿੰਘ ਨੇ ਖੁਲਾਸਾ ਕੀਤਾ ਹੈ ਕਿ ਉਹ 5 ਵਾਰ ਜੰਮੂ-ਕਸ਼ਮੀਰ ਦੇ ਨੌਸ਼ਹਿਰਾ ਸੈਕਟਰ ਤੋਂ ਹੈਰੋਇਨ ਦੀ ਖੇਪ ਪੰਜਾਬ 'ਚ ਲਿਆ ਚੁੱਕਾ ਹੈ।

## ਇੱਟਾਂ ਪੱਥਰ ਮਾਰ ਕਾਂਗਰਸੀ ਤੇ ਭਾਜਪਾ ਵਰਕਰਾਂ ਨੇ ਪਾਇਆ ਖੇਰੂ



**ਲੁਧਿਆਣਾ/ਸੁਖਚੈਨ ਮਹਿਰਾ :** ਅੱਜ ਇਥੇ ਭਾਜਪਾ ਦਾ ਦਫਤਰ ਘੇਰਨ ਗਏ ਯੂਥ ਕਾਂਗਰਸੀ ਤੇ ਭਾਜਪਾ ਵਰਕਰ ਆਹਮੋ-ਸਾਹਮਣੇ ਹੋ ਗਏ। ਦੋਵਾਂ ਧਿਰਾਂ ਵਿਚਾਲੇ ਤਲਖੀ ਬਾਅਦ ਖੁੱਲ੍ਹ ਕੇ ਇੱਟਾਂ ਤੇ ਪੱਥਰ ਚੱਲੇ। ਮਾਹੌਲ ਨੂੰ ਸ਼ਾਂਤ ਕਰਨ ਤੇ ਦੋਵਾਂ ਧਿਰਾਂ ਨੂੰ ਖਿੰਡਾਉਣ ਲਈ ਪੁਲੀਸ ਨੇ ਲਾਠੀਚਾਰਜ ਕੀਤਾ। ਪੁਲੀਸ ਵੱਲੋਂ ਭਾਵੇਂ ਹਾਲਾਤ ਕਾਬੂ ਹੇਠ ਹੋਣ ਦਾ ਦਾਅਵਾ ਕੀਤਾ ਜਾ ਰਿਹਾ ਹੈ ਪਰ ਹਾਲਾਤ ਤਣਾਅਪੂਰਨ ਹਨ।

## ਕੇਜਰੀਵਾਲ ਨੇ ਪਾਰਟੀ ਵਰਕਰਾਂ ਤੇ ਨੇਤਾਵਾਂ ਨੂੰ ਲੋਕਾਂ ਦੀ ਸੇਵਾ ਕਰਨ ਦੀ ਬੇਨਤੀ ਕੀਤੀ



**ਨਵੀਂ ਦਿੱਲੀ/ਕਪੂਰ**

ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਅੱਜ ਪਾਰਟੀ ਨੇਤਾਵਾਂ ਅਤੇ ਵਰਕਰਾਂ ਨੂੰ ਕਿਹਾ ਕਿ ਉਹ ਚੋਣਾਂ ਲੜਨ ਲਈ ਟਿਕਟਾਂ ਅਤੇ ਅਹੁਦੇ ਲੈਣ ਝਾਕ ਛੱਡ ਦੇਣ ਤੇ ਦੇਸ ਅਤੇ ਸਮਾਜ ਲਈ ਕੰਮ ਕਰਨ ਦੀ ਆਪਣੀ ਸਮਰਥਾ ਸਾਬਤ ਕਰਨ। ਪਾਰਟੀ ਦੀ ਕੌਮੀ ਕੌਂਸਲ ਦੀ ਮੀਟਿੰਗ ਵਿੱਚ ਆਪਣੇ ਆਨਨਲਾਈਨ ਸੰਬੋਧਨ ਦੌਰਾਨ ਕੇਜਰੀਵਾਲ ਨੇ ਕਿਹਾ ਕਿ ਉਹ ਨਹੀਂ ਚਾਹੁੰਦੇ ਕਿ ਲੋਕ ਉਨ੍ਹਾਂ ਦੀ ਪਾਰਟੀ ਨੂੰ ਭਾਰਤੀ ਜਨਤਾ ਪਾਰਟੀ (ਭਾਜਪਾ) ਅਤੇ ਕਾਂਗਰਸ ਵਰਗੀ ਸਮਝਣ।

## ਗੁਜਰਾਤ ਦੇ ਮੁੱਖ ਮੰਤਰੀ ਵਿਜੈ ਰੂਪਾਨੀ ਨੇ ਅਸਤੀਫਾ ਦਿੱਤਾ



**ਚੰਡੀਗੜ੍ਹ/ਲੋਕ ਬਾਣੀ**

ਗੁਜਰਾਤ ਦੇ ਮੁੱਖ ਮੰਤਰੀ ਵਿਜੇ ਰੂਪਾਨੀ ਨੇ ਅੱਜ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਉਨ੍ਹਾਂ ਨੇ ਪ੍ਰੈਸ ਕਾਨਫਰੰਸ ਕਰਕੇ ਆਪਣੇ ਅਹੁਦੇ ਤੋਂ ਅਸਤੀਫਾ ਦੇਣ ਦਾ ਐਲਾਨ ਕੀਤਾ। ਉਨ੍ਹਾਂ ਨੇ ਆਪਣੇ ਕਾਰਜਕਾਲ ਦੌਰਾਨ ਲੋਕਾਂ ਵੱਲੋਂ ਮਿਲੇ ਸਮਰਥਨ ਲਈ ਗੁਜਰਾਤ ਦੇ ਲੋਕਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਜੋ ਵੀ ਜੰਮਿਵਾਰੀ ਉਨ੍ਹਾਂ ਨੂੰ ਮਿਲੇਗੀ, ਉਹ ਪੂਰੀ ਤਨਦੇਹੀ ਨਾਲ ਨਿਭਾਉਣਗੇ। ਉਨ੍ਹਾਂ ਆਪਣੀ ਜਿੰਮੇਵਾਰੀ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਧੰਨਵਾਦ ਕੀਤਾ।

## ਲਾਹੌਲ ਸਪਿਤੀ ਜਾਣ ਵਾਲੇ ਦੇਣਗੇ ਐਂਟਰੀ ਟੈਕਸ

**ਸ਼ਿਮਲਾ/ਲੋਕ ਬਾਣੀ**

ਹਿਮਾਚਲ ਪ੍ਰਦੇਸ ਦੇ ਲਾਹੌਲ-ਸਪਿਤੀ ਜਲ੍ਹਿ ਵਿੱਚ ਦਾਖਲ ਹੋਣ ਲਈ ਸੈਲਾਨੀਆਂ ਨੂੰ ਟੈਕਸ ਅਦਾ ਕਰਨਾ ਪਏਗਾ। ਕਿਲੌਂਗ ਦੀ ਐੱਸਡੀਐੱਮ ਪ੍ਰਿਆ ਨਾਗਰਾ ਨੇ ਦੱਸਿਆ ਕਿ ਵਿਸੇਸ ਖੇਤਰ ਵਿਕਾਸ ਅਥਾਰਟੀ (ਐੱਸਏਡੀਏ) ਦੁਆਰਾ ਰੋਹਤਾਂਗ ਦੀ ਅਟਲ ਸੁਰੰਗ ਦੇ ਨੇੜੇ ਲਾਹੌਲ ਦੇ ਸਿਸਸੂ ਵਿਖੇ ਟੈਕਸ ਇਕੱਠਾ ਕਰਨ ਵਿੱਚ ਨਾਕਾ ਲਗਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਦੋਪਹੀਆ ਵਾਹਨਾਂ ਤੋਂ 50 ਰੁਪਏ, ਕਾਰਾਂ ਤੋਂ 200 ਰੁਪਏ, ਐੱਸਯੂਵੀ ਅਤੇ ਐੱਮਯੂਵੀ ਤੋਂ 300 ਰੁਪਏ ਅਤੇ ਬੱਸਾਂ ਅਤੇ ਟਰੱਕਾਂ ਤੋਂ 500 ਰੁਪਏ ਵਸੂਲੇ ਜਾ ਰਹੇ ਹਨ।




ਚੰਡੀਗੜ੍ਹ ਦੇ ਪਾਠਕਾਂ ਲਈ ਖੁਸ਼ਖਬਰੀ



ਰੋਜਾਨਾ ਲੋਕ ਬਾਣੀ ਅਖਬਾਰ ਦੇ ਪਾਠਕਾਂ ਦੀ ਮੰਗ ਤੇ ਜਲਦ ਹੀ ਚੰਡੀਗੜ੍ਹ ਵਿਖੇ ਸਬ-ਦਫਤਰ ਖੋਲ੍ਹਿਆ ਜਾ ਰਿਹਾ ਹੈ

ਵਲੋਂ-ਸੰਤੋਸ਼ ਰਾਏ, ਸਬ ਅਡੀਟਰ

0181-2211009

ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ

ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਪੰਜਾਬ ਦੀ ਕਿਸਾਨੀ ਤੇ ਨਸ਼ੇ ਨੂੰ ਲੱਗੀ ਜਵਾਨੀ ਨੂੰ ਬਚਾਉਣਾ ਖਸਖਸ ਦੀ ਖੇਤੀ ਪਹਿਲਾ ਹੱਲ : ਭੁੱਲਰ



**ਮਮਦੋਟ/ਹਰਪ੍ਰੀਤ ਸਿੰਘ ਹੈਪੀ**

ਲੋਕ ਇਨਸਾਫ ਪਾਰਟੀ ਫਿਰੋਜਪੁਰ ਦੇ ਜਿਲ੍ਹਾ ਪ੍ਰਧਾਨ ਜਸਬੀਰ ਸਿੰਘ ਭੁੱਲਰ ਵਲੋਂ ਬਲਾਕ ਮਮਦੋਟ ਦੇ ਅਧੀਨ ਆਉਦੇ ਵੱਖ ਵੱਖ ਪਿੰਡਾਂ ਅੰਦਰ ਪਾਰਟੀ ਪ੍ਰਤੀ ਵਿਚਾਰ ਚਰਚਾਵਾਂ ਕੀਤੀਆ ਇਸ ਮੋਕੇ ਭੁੱਲਰ ਨੇ ਕਿਹਾ ਹੈ ਕਿ ਪੰਜਾਬ ਦੀ ਕਿਸਾਨੀ ਨੂੰ ਬਚਾਓ ਦਾ ਇੱਕੋ ਇੱਕ ਹੱਲ ਪੰਜਾਬ ਅੰਦਰ ਖਸਖਸ ਦੀ ਖੇਤੀ ਜਰੂਰੀ ਹੈ ਉਨ੍ਹਾਂ ਕਿਹਾ ਹੈ ਕਿ ਪਾਰਟੀ ਕੋਮੀ ਪ੍ਰਧਾਨ ਸਿਮਰਨਜੀਤ ਸਿੰਘ ਬੈਂਸ ਵਲੋਂ ਸਪੀਕਰ ਰਾਣਾ ਕੇ.ਪੀ. ਸਿੰਘ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਖਸਖਸ ਦੀ ਖੇਤੀ ਸੰਬੰਧੀ ਕਾਨੂੰਨ ਬਣਾਉਣ ਲਈ ਪ੍ਰਾਈਵੇਟ ਮੈਂਬਰ ਬਿਲ ਸੌਂਪੇ ਗਏ ਸਨ ਜਿਸ ਵਿੱਚ ਦੱਸਿਆ ਗਿਆ ਹੈ। ਕਿ ਕਿ ਭਾਰਤੀ ਸੰਵਿਧਾਨ ਅਨੁਸਾਰ ਖੇਤੀ ਰਾਜ ਵਿਸ਼ਾ ਹੈ ਅਤੇ ਇਸ ਸਬੰਧਿਤ ਕਾਨੂੰਨ ਬਣਾਉਣ ਦਾ ਹੱਕ ਵੀ ਰਾਜ ਦੀ ਵਿਧਾਨ ਸਭਾ ਕੋਲ ਹੈ। ਇਸ ਬਿਲ ਰਾਹੀਂ ਖਸਖਸ ਦੀ ਖੇਤੀ ਨੂੰ ਪੰਜਾਬ ਵਿੱਚ ਇਜਾਜ਼ਤ ਮਿਲਣ ਨਾਲ ਛੋਟੇ ਕਿਸਾਨਾਂ ਨੂੰ ਆਰਥਿਕ ਮੰਦੀ ਤੋਂ ਬਾਹਰ ਕੱਢਣ ਅਤੇ ਉਨ੍ਹਾਂ ਨੂੰ ਕਰਜ਼ਾ ਮੁਕਤ ਕਰਨ ਵਿੱਚ ਬਹੁਤ ਯੋਗਦਾਨ ਮਿਲੇਗਾ। ਖਸਖਸ ਦੀ ਖੇਤੀ ਨਾਲ ਪੰਜਾਬ ਵਿੱਚ ਨਾ ਸਿਰਫ ਖੇਤੀ ਵਭਿੰਨਤਾ ਨੂੰ ਵਾਧਾ ਮਿਲੇਗਾ ਅਤੇ ਧਰਤੀ ਥੱਲੇ ਪਾਣੀ ਨੂੰ ਬਚਾਉਣ ਵਿੱਚ ਵੀ ਇਹ ਖੇਤੀ ਸਹਾਈ ਹੋਵੇਗੀ।ਇਹਨਾਂ ਖੇਤੀ ਬਿਲ ਨਾਲ ਪੰਜਾਬ ਵਿੱਚ ਮੌਜੂਦਾ ਡਰੱਗ, ਚਿੱਟੇ ਦੀ ਪੈਂਦੀ ਮਾਰ ਅਤੇ ਡਰੱਗ ਮਾਫੀਆ ਦੇ ਨਸ਼ੇ ਦੇ ਕਾਰੋਬਾਰ ਨੂੰ ਰੋਕਣ ਅਤੇ ਡਰੱਗ ਮਾਫੀਆ ਦੇ ਕੰਟਰੋਲ ਨੂੰ ਤੋੜਨ ਦੇ ਹੱਲ ਦਾ ਰਸਤਾ ਵੀ ਨਿਕਲਦਾ ਹੈ। ਜਿਸ ਨਾਲ ਪੰਜਾਬ ਅੰਦਰ ਨਸਿਆ ਨਾਲ ਤਬਾਹ ਹੋ ਰਹੀ ਜਵਾਨੀ ਨੂੰ ਵੀ ਬਚਾਇਆ ਜਾਂ ਸਕੇਗਾ ਉਨ੍ਹਾਂ ਕਿਹਾ ਕਿ ਖਸਖਸ ਦੀ ਖਰੀਦ, ਵੇਚਣਾ ਅਤੇ ਵਪਾਰ ਨੂੰ ਭਾਰਤ ਵਿੱਚ ਕੋਈ ਪਬੰਦੀ ਨਹੀਂ ਹੈ। ਖਸਖਸ ਆਮ ਕਰਿਆਨਾ ਦੁਕਾਨਾਂ ਮਾਰਕਿਟ ਵਿੱਚ ਖਰੀਦੀ ਜਾ ਸਕਦੀ ਹੈ। ਖਸਖਸ ਕਾਫੀ ਗੁਣਕਾਰੀ ਹੈ ਅਤੇ ਦੇਸੀ ਨੁਸਖਿਆਂ ਅਤੇ ਦਵਾਈ ਦੇ ਤੌਰ 'ਤੇ ਭਾਰਤ ਵਿੱਚ ਸਦੀਆਂ ਤੋਂ ਵਰਤੀ ਜਾ ਰਹੀ ਹੈ। ਇਸ ਮੋਕੇ ਉਨ੍ਹਾਂ ਦੇ ਨਾਲ ਜਿਲ੍ਹਾ ਯੂਥ ਆਗੂ ਜਗਜੀਤ ਸਿੰਘ ਭੁੱਲਰ,ਤਰਸੇਮ ਸਿੰਘ ਨਵਾਂ ਕਿਲਾ,ਰਾਣਾ ਨਵਾਂ ਕਿਲ੍ਹਾ ਹਾਜਰ ਸਨ।

# ਗੁਰਦਾਸਪੁਰ ਪੁਲੀਸ ਨੂੰ ਮਿਲੀ ਵੱਡੀ ਸਫ਼ਲਤਾ ਤੀਹ ਮੋਟਰਸਾਈਕਲਾਂ ਸਮੇਤ ਤਿੱਨ ਗ੍ਰਿਫ਼ਤਾਰ





**ਗੁਰਦਾਸਪੁਰ ਨਵਨੀਤ ਕੁਮਾਰ**

ਡਾ: ਨਾਨਕ ਸਿੰਘ ਆਈ.ਪੀ. ਐੱਸ. ਸੀਨੀਅਰ ਕਪਤਾਨ ਪੁਲੀਸ ਗੁਰਦਾਸਪੁਰ ਵੱਲੋਂ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜ਼ਿਲ੍ਹਾ ਗੁਰਦਾਸਪੁਰ ਦੇ ਥਾਣਿਆਂ ਦੇ ਵੱਖ ਵੱਖ ਇਲਾਕਿਆਂ ਵਿੱਚ ਮੋਟਰਸਾਈਕਲ ਚੋਰੀ ਦੀਆਂ ਕਾਫੀ ਵਾਰਦਾਤਾਂ ਹੋ ਰਹੀਆਂ ਸਨ।ਜਿਸ ਦੇ ਤਹਿਤ ਸ੍ਰੀ ਹਰਵਿੰਦਰ ਸਿੰਘ ਸੰਧੂ ਪੀ.ਪੀ.ਐਸ ਕਪਤਾਨ ਪੁਲਿਸ ਇਨਵੈਸਟੀਗੇਸ਼ਨ ਗੁਰਦਾਸਪੁਰ, ਸ੍ਰੀ ਸੁਖਪਾਲ ਸਿੰਘ ਪੀ.ਪੀ.ਐਸ ਉੱਪ ਕਪਤਾਨ ਪੁਲਿਸ ਸਿਟੀ ਗੁਰਦਾਸਪੁਰ ਜੀ ਦੀ ਯੋਗ ਅਗਵਾਈ ਹੇਠ ਸ੍ਰੀ ਜਤਿੰਦਰਪਾਲ ਮੁੱਖ ਥਾਣਾ ਅਫਸਰ ਥਾਣਾ ਗੁਰਦਾਸਪੁਰ ਵੱਲੋਂ ਇਲਾਕੇ ਵਿੱਚ ਵੱਖ ਵੱਖ ਥਾਵਾਂ ਤੇ ਨਾਕਾ ਬੰਦੀ ਕਰਕੇ ਚੈਕਿੰਗ ਕੀਤੀ ਗਈ। ਜਿਸ ਦੌਰਾਨ ਮੋਨੂੰ ਮਸੀਹ ਪੁੱਤਰ ਸਵਿੰਦਰ ਮਸੀਹ ਵਾਸੀ ਸਿੱਧਵਾਂ ਜਮੀਤਾ, ਸੰਨੀ ਪੁੱਤਰ ਕਿਸ਼ਨ ਚੰਦ ਵਾਸੀ ਜੌੜਾ ਛੱਤਰਾਂ, ਅਤੇ ਲਵਪ੍ਰੀਤ ਸਿੰਘ ਉਰਫ਼ ਲੱਭਾ ਪੁੱਤਰ ਰਾਮ ਸਿੰਘ ਵਾਸੀ ਗੁਰਦਾਸਨੰਗਲ, ਨੂੰ ਗ੍ਰਿਫਤਾਰ ਕੀਤਾ ਗਿਆ। ਗ੍ਰਿਫਤਾਰ ਕੀਤੇ ਗਏ ਤਿੰਨਾਂ ਦੋਸ਼ੀਆਂ ਕੋਲੋਂ 30 ਮੋਟਰਸਾਈਕਲ ਅਤੇ ਇਕ ਮੋਪਡ ਬਰਾਮਦ ਕੀਤੀ ਗਈ। ਜਿਨ੍ਹਾਂ ਵਿੱਚੋਂ ਮੋਨੂ ਮਸੀਹ ਕੋਲੋਂ 13 ਮੋਟਰਸਾਈਕਲ ਵੱਖ ਵੱਖ ਮਾਰਕਾ,ਸੰਨੀ ਕੋਲੋਂ 08 ਮੋਟਰਸਾਈਕਲ ਵੱਖ ਵੱਖ ਮਾਰਕੇ, ਅਤੇ ਲਵਪ੍ਰੀਤ ਸਿੰਘ ਉਰਫ ਲੱਭਾ ਕੋਲੋਂ 09 ਮੋਟਰਸਾਈਕਲ ਵੱਖ ਵੱਖ ਮਾਰਕਾ ਅਤੇ 01 ਮੋਪਡ ਬਰਾਮਦ ਕੀਤੀ ਗਈ। ਇਸ ਸਬੰਧੀ ਮੁਕੱਦਮਾ ਨੰਬਰ 109 ਮਿਤੀ 08-09-2021 ਜੁਰਮ 379, 411 ਥਾਣਾ ਸਦਰ ਗੁਰਦਾਸਪੁਰ ਵਿਖੇ ਰਜਿਸਟਰ ਕੀਤਾ ਗਿਆ ਹੈ। ਅਤੇ ਅਗਲੀ ਤਫਤੀਸ਼ ਜਾਰੀ ਹੈ।ਇਨ੍ਹਾਂ ਦੋਸ਼ੀਆਂ ਖਲਿਾਫ ਪਹਿਲਾਂ ਵੀ ਚੋਰੀ ਦੀਆਂ ਵਾਰਦਾਤਾਂ ਦੇ ਵੱਖ ਵੱਖ ਥਾਣਿਆਂ ਚ ਮੁਕੱਦਮੇ ਦਰਜ ਹਨ।

# ਪਿੰਡ ਰੁੜਕੀ ਵਿਖੇ ਸਿੱਧ ਬਾਬਾ ਜੀ ਦੀ ਯਾਦ ਵਿੱਚ ਚੂਰਮਾ ਦਾ ਕਰਵਾਇਆ ਸਾਲਾਨਾ ਭੰਡਾਰਾ



**ਘਨੌਰ/ਸਰਦਾਰਾ ਸਿੰਘ**

ਹਲਕਾ ਘਨੌਰ ਦੇ ਪਿੰਡ ਰੁੜਕੀ ਵਿਖੇ ਭਾਦੋਂ ਦੀ ਪੰਚਮੀ ਨੂੰ ਹਰੇਕ ਸਾਲ ਸਿੱਧ ਬਾਬਾ ਜੀ ਦੀ ਯਾਦ ਵਿਚ ਚੂਰਮੇ ਦਾ ਭੰਡਾਰਾ ਕਰਾਇਆ ਜਾਂਦਾ ਹੈ ।ਇਸ ਸਾਲਾਨਾ ਭੰਡਾਰੇ ਚ ਇਲਾਕੇ ਦੇ ਵੱਖ ਵੱਖ ਪਿੰਡਾਂ ਵਿਚੋਂ ਭਾਰੀ ਗਿਣਤੀ ਵਿਚ ਸੰਗਤਾਂ ਪਹੁੰਚ ਕੇ ਸਿੱਧ ਬਾਬਾ ਜੀ ਦੀ ਸਮਾਧੀ ਤੇ ਨਤਮਸਤਕ ਹੁੰਦੀਆਂ ਹਨ ।ਸਿੱਧ ਬਾਬਾ ਜੀ ਸਮਾਧੀ ਦੀ ਪ੍ਰਬੰਧਕ ਕਮੇਟੀ ਤੇ ਪਿੰਡ ਵਾਸੀਆਂ ਵੱਲੋਂ ਇਸ ਭੰਡਾਰੇ ਵਿੱਚ ਸਰਧਾ ਨਾਲ ਸੇਵਾ ਕੀਤੀ ਜਾਂਦੀ ਹੈ।ਪ੍ਰਬੰਧਕ ਕਮੇਟੀ ਤੇ ਪਿੰਡ ਵਾਸੀ ਭੁਪਿੰਦਰ ਸਿੰਘ ,ਕਮਲਜੀਤ ਸਿੰਘ,ਕਮਲਦੀਪ ਸਿੰਘ ,ਸੁਖਵਿੰਦਰ ਸਿੰਘ ਨੰਬਰਦਾਰ,ਨਾਇਬ ਸਿੰਘ ਅਵਤਾਰ ਸਿੰਘ ,ਯਾਦਵਿੰਦਰ ਸਿੰਘ ,ਚੜ੍ਹਤ ਸਿੰਘ ,ਭਜਨ ਸਿੰਘ ਸੁਖਵਿੰਦਰ ਸਿੰਘ,ਮਨਜੀਤ ਸਿੰਘ ਗੁਰਦੀਪ ਸਿੰਘ ਨੇ ਸੇਵਾ ਬਾਖੂਬੀ ਨਿਭਾਈ ।

# ਹਲਕਾ ਖਡੂਰ ਸਾਹਿਬ ਦੇ ਪਿੰਡੋ ਪਿੰਡ ਸ੍ਰ ਗੁਰਸੇਵਕ ਸਿੰਘ ਔਲਖ ਨੇ ਆਪਣੇ ਸਾਥੀਆਂ ਸਮੇਤ ਡੋਰ ਟੂ ਡੋਰ ਪਾਰਟੀ ਦਾ ਪ੍ਰਚਾਰ ਕੀਤਾ



**ਤਰਨਤਾਰਨ/ਦਿਲਬਾਗ ਸਿੰਘ ਜੌਹਲ**

ਹਲਕਾ ਖਡੂਰ ਸਾਹਿਬ ਦੇ ਪਿੰਡੋ ਪਿੰਡ ਡੋਰ ਟੂ ਡੋਰ ਗੁਰਸੇਵਕ ਸਿੰਘ ਔਲਖ ਨੇ ਪ੍ਰਚਾਰ ਕੀਤਾ

ਰੋਜ਼ਾਨਾ ਵੱਡੀ ਗਿਣਤੀ ਵਿੱਚ ਆਪ ਵਿੱਚ ਲੋਕ ਹੋ ਰਹੇ ਹਨ ਸ਼ਾਮਿਲ ਹਲਕਾ ਖਡੂਰ ਸਾਹਿਬ ਦੇ ਆਮ ਆਦਮੀ ਪਾਰਟੀ ਤੋਂ ਸੀਨੀਅਰ ਆਗੂ ਗੁਰਸੇਵਕ ਸਿੰਘ ਔਲਖ ਵੱਲੋਂ ਅੱਜ ਪਿੰਡੋ ਪਿੰਡ ਜਾ ਕੇ ਡੋਰ ਟੂ ਡੋਰ ਆਮ ਆਦਮੀ ਪਾਰਟੀ ਦੇ ਕੰਮਾਂ ਤੋਂ ਜਾਣੂ ਕਰਵਾਇਆ ਜੋ ਲੋਕ ਰਵਾਇਤੀ ਪਾਰਟੀਆਂ ਨਾਲ ਜੁੜੇ

ਹਨ ਉਨ੍ਹਾਂ ਨੂੰ ਪਾਰਟੀ ਬਾਜੀ ਤੋਂ ਉੱਪਰ ਉੱਠ ਕੇ ਪੰਜਾਬ ਦੇ ਭਲੇ ਵਾਸਤੇ ਚੰਗੀ ਸਰਕਾਰ ਬਣਾਉਣ ਬਾਰੇ ਬੇਨਤੀ ਕਰ ਕੀਤੀ ਜਿਸ ਤਰ੍ਹਾਂ ਹਰ ਰੋਜ਼ ਅਲੱਗ ਅਲੱਗ ਪਿੰਡਾਂ ਵਿੱਚ ਜਾਂਦੇ ਹਾਂ ਲੋਕਾਂ ਵੱਲੋਂ ਆਮ ਆਦਮੀ ਪਾਰਟੀ ਨੂੰ ਬਹੁਤ ਵੱਡਾ ਹੁੰਗਾਰਾ ਮਿਲ ਰਿਹਾ ਹੈ ਵੱਡੀ ਗਿਣਤੀ ਵਿੱਚ ਲੋਕ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ ਜਿਸ ਤਰ੍ਹਾਂ ਦਿੱਲੀ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਕੰਮ ਕਰ ਰਹੀ ਹੈ ਸਾਨੂੰ ਪੂਰੀ ਉਮੀਦ ਹੈ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਲੋਕਾਂ ਦੇ ਚਿਹਰੇ ਤੇ ਖੁਸ਼ੀ ਦੀ ਲਹਿਰ ਜ਼ਰੂਰ ਦਿਖੇਗੀ ਅਤੇ ਬਿਜਲੀ ਫਰੀ 600 ਯੁਨਿਟ ਦੀ ਗਰੰਟੀ ਬਾਰੇ ਸੰਖੇਪ ਵਿੱਚ ਸਮਝਾਇਆ ਅਤੇ ਹਲਕੇ ਦੇ ਲੋਕਾਂ ਨੇ ਵੀ 2022 ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣ ਦਾ ਪੂਰਾ ਭਰੋਸਾ ਦਿੱਤਾ ਇਸ ਮੌਕੇ ਰਣਜੀਤ ਸਿੰਘ ਪਵਾਰ ਬਲਾਕ ਪ੍ਰਧਾਨ,ਰੇਸ਼ਮ ਸਿੰਘ,ਤਰਸੇਮ ਸਿੰਘ ਕੋਹਾੜਕਾ,ਹਰਪ੍ਰੀਤ ਸਿੰਘ ਖਾਨ ਛਾਪੜੀ, ਹਰਜਿੰਦਰ ਸਿੰਘ ਆਦਿ ਮੌਜੂਦ ਸਨ।

# ਕੈਪਟਨ ਦਾ ਖਿਡਾਰੀਆਂ ਨੂੰ ਹੱਥੀਂ ਭੋਜਨ ਕਰਵਾਉਣਾ ਸ਼ਲਾਘਾਯੋਗ ਕਦਮ

**ਸੰਗਰੂਰ/ਵਰਮਾ**

ਦੇਸ਼ ਦਾ ਨਾਮ ਰੋਸ਼ਨ ਕਰਨ ਵਾਲੇ ਦੇਸ਼ ਦੇ ਖਿਡਾਰੀਆਂ ਨੂੰ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਪੰਜਾਬ ਵੱਲੋਂ ਆਪਣੇ ਹੱਥੀਂ ਤਿਆਰ ਕਰਕੇ ਭੋਜਨ ਕਰਵਾਉਣਾ ਅਤਿ ਸ਼ਲਾਘਾਯੋਗ ਕਦਮ ਹੈ।ਜਿਸ ਦੀ ਹਰ ਦੇਸ਼ ਵਾਸੀ ਵੱਲੋਂ ਹਰ ਪਾਸੇ ਸ਼ਲਾਘਾ ਕੀਤੀ ਜਾ ਰਹੀ ਹੈ। ਇਹ ਵਿਚਾਰ ਵਿਧਾਨ ਸਭਾ ਯੂਥ ਕਾਂਗਰਸ ਸੰਗਰੂਰ ਦੇ ਪ੍ਰਧਾਨ ਸਾਜਨ ਕਾਂਗੜਾ ਨੇ ਪ੍ਰਗਟ ਕੀਤੇ। ਉਹ ਆਪਣੀ ਰਿਹਾਇਸ਼ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਕੈਪਟਨ ਦੇ ਇਸ ਉੱਦਮ ਨੇ ਨੌਜਵਾਨਾਂ ਅੰਦਰ ਇੱਕ ਨਵਾਂ ਜੋਸ਼ ਭਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਖਿਡਾਰੀਆਂ ਨੂੰ ਇਨਾਮ ਵਜੋਂ ਨਗਦ ਰਾਸ਼ੀ ਜਾ ਹੋਰ ਉਪਹਾਰ ਤਾਂ ਹੋਰ ਵੀ ਦੇ ਦਿੰਦੇ ਹਨ।

- ਦੇਸ਼ ਭਰ ਵਿੱਚ ਹੋ ਰਹੀ ਹੈ ਹਰ ਪਾਸੇ ਸ਼ਲਾਘਾ
- ਕੈਪਟਨ ਨੇ ਨੌਜਵਾਨਾਂ ਦਾ ਦਿਲ ਜਿੱਤਿਆ-ਪ੍ਰਧਾਨ ਸਾਜਨ ਕਾਂਗੜਾ



ਪਰੰਤੂ ਕੈਪਟਨ ਅਮਰਿੰਦਰ ਸਿੰਘ ਦੀ ਨਿਵੇਕਲੀ ਮਹਿਮਾਨਵਾਜੀ ਨੇ ਨੌਜਵਾਨਾਂ ਦਾ ਦਿਲ ਜਿੱਤ ਲਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦਾ ਕੈਪਟਨ ਸਭ ਤੋਂ ਅਲੱਗ ਹੈ। ਜਿਸ ਦੀ ਜਗ੍ਹਾਂ ਹੋਰ ਕੋਈ ਨਹੀਂ ਲੈ ਸਕਦਾ। ਸਾਜਨ ਕਾਂਗੜਾ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦੇ ਇਸ ਉਦਮ ਦੀ ਜਿੱਥੇ ਹਰ ਪਾਸੇ ਸ਼ਲਾਘਾ ਕੀਤੀ ਜਾ ਰਹੀ ਹੈ, ਉੱਥੇ ਹੀ ਦੂਜੇ ਪਾਸੇ ਕੁਝ ਵਿਰੋਧੀ ਪਾਰਟੀਆਂ ਦੇ ਆਗੂਆਂ ਵੱਲੋਂ ਇਸ ਉੱਪਰ ਵੀ ਗਲਤ ਟਿੱਪਣੀਆਂ ਕਰਨਾ ਬਹੁਤ ਹੀ ਸ਼ਰਮਨਾਕ ਗੱਲ ਹੈ। ਯੂਥ ਕਾਂਗਰਸ ਪ੍ਰਧਾਨ ਨੇ ਕਿਹਾ ਕਿ ਹਰ ਜਗ੍ਹਾਂ ਰਾਜਨੀਤੀ ਕਰਨਾ ਸਹੀ ਗੱਲ ਨਹੀਂ। ਚੰਗੇ ਕੰਮ ਨੂੰ ਚੰਗਾ ਕਹਿਣਾ ਹੀ ਇਨਸਾਨੀਅਤ ਹੈ। ਕੈਪਟਨ ਅਮਰਿੰਦਰ ਸਿੰਘ ਵਾਂਗ ਹੋਰ ਆਗੂਆਂ ਨੂੰ ਵੀ ਅਜਿਹੀ ਪਹਿਲ ਕਦਮੀ ਕਰਨੀ ਚਾਹੀਦੀ ਹੈ। ਸਾਜਨ ਕਾਂਗੜਾ ਨੇ ਕਿਹਾ ਕਿ ਪਾਣੀਆਂ ਦੇ ਰਾਖੇ ਵਜੋਂ ਜਾਣੇ ਜਾਂਦੇ ਕੈਪਟਨ ਅਮਰਿੰਦਰ ਸਿੰਘ ਹੁਣ ਕਰੋੜਾਂ ਨੌਜਵਾਨਾਂ ਦੇ ਦਿਲਾਂ ਦੀ ਧੜਕਣ ਵੀ ਬਣ ਗਏ ਹਨ।



# ਕੈਪ: ਸੰਦੀਪ ਸੰਧੂ ਨੇ ਪਿੰਡ ਹਾਂਸ ਕਲ੍ਹਾਂ ਵਿਖੇ ਕੀਤਾ ਛੇ ਨੀਂਹ ਪੱਥਰਾਂ ਦਾ ਉਦਘਾਟਨ

**ਸੁਧਾਰ/ਅਰਜੁਨ ਸਹਿਜਪਾਲ**

ਕੱਲ ਪਿੰਡ ਹਾਂਸ ਕਲ੍ਹਾਂ ਵਿਖੇ ਕੈਪਟਨ ਸੰਦੀਪ ਸਿੰਘ ਸੰਧੂ ਓ. ਐਸ. ਡੀ. ਮੁੱਖ ਮੰਤਰੀ ਪੰਜਾਬ ਨੇ ਨਗਰ ਦੇ ਵਿਕਾਸ ਕਾਰਜਾਂ ਦੇ 6 ਨੀਂਹ ਪੱਥਰਾਂ ਦਾ ਉਦਘਾਟਨ ਕੀਤਾ। ਸੰਦੀਪ ਸੰਧੂ ਦੇ ਪਿੰਡ ਹਾਂਸ ਕਲਾਂ ਵਿਖੇ ਪਰਤਣ ਤੇ ਪਿੰਡ ਦੇ ਲੋਕਾਂ ਨੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਅਤੇ ਇਸ ਮੌਕੇ ਲੋਕਾਂ ਦਾ ਭਾਰੀ ਇਕੱਠ ਦੇਖਣ ਨੂੰ ਮਿਲਿਆ। ਸਾਰੇ ਲੋਕਾਂ ਨੇ ਉਨ੍ਹਾਂ ਦੇ ਨਗਰ ਅਤੇ ਹਲਕਾ ਦਾਖਾ ਵਿੱਚ ਕੈਪਟਨ ਸੰਦੀਪ ਸਿੰਘ ਸੰਧੂ ਵੱਲੋਂ ਵਿਕਾਸ ਦੀ ਹਨੇਰੀ ਲਿਆਉਣ ਲਈ ਉਨ੍ਹਾਂ ਦਾ ਬਹੁਤ-ਬਹੁਤ ਧੰਨਵਾਦ ਕੀਤਾ। ਸੰਦੀਪ ਸੰਧੂ ਨੇ ਸਟੇਜ ਤੇ ਪਹੁੰਚ ਕੇ ਲੋਕਾਂ ਵੱਲੋਂ ਇੰਨਾ ਪਿਆਰ ਮਿਲਣ 'ਤੇ ਕਿਹਾ ਮੇਰੇ ਲਈ ਸਿਰਫ ਇੰਨਾ ਹੀ ਬਹੁਤ ਹੈ ਕਿ ਮੈਂ ਇਸ ਪਰਿਵਾਰ ਦਾ ਹਿੱਸਾ ਬਣ ਸਕਿਆ ਅਤੇ ਉਨ੍ਹਾਂ ਨੇ ਲੋਕਾਂ ਨੂੰ ਹਲਕੇ ਵਿੱਚ ਹੋਏ ਵਿਕਾਸ ਕਾਰਜ ਅਤੇ ਅੱਗੇ ਸ਼ੁਰੂ ਹੋਣ ਵਾਲੇ ਵਿਕਾਸ ਕਾਰਜਾਂ ਬਾਰੇ ਜਾਣੂ ਕਰਵਾਇਆ। ਇਸ ਤੋਂ ਬਾਅਦ ਉਨ੍ਹਾਂ ਨੇ ਪਿੰਡ ਹਾਂਸ ਕਲ੍ਹਾਂ ਦਾ ਖੁਦ ਦੌਰਾ ਕੀਤਾ ਅਤੇ ਲੋਕਾਂ ਵਿੱਚ ਵਿਚਰ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਅਤੇ ਪਰੇਸ਼ਾਨੀਆਂ ਸੁਣੀਆਂ ਅਤੇ ਉਨ੍ਹਾਂ ਦਾ ਹੱਲ ਕੀਤਾ। ਇਸ ਮੌਕੇ ਹਰਮਨ ਕੁਲਾਰ ਚੇਅਰਮੈਨ ਬਲਾਕ ਸੰਮਤੀ ਸੁਧਾਰ ਨੇ ਯੂਥ ਨੂੰ ਸੰਦੇਸ਼ ਦਿੰਦੇ ਹੋਏ ਕਿਹਾ ਕਿ ਅੱਜ ਸਾਡੇ ਦੇਸ਼ ਵਿੱਚ ਯੂਥ ਨੂੰ ਅੱਗੇ ਆਉਣ ਦੀ ਲੋੜ ਹੈ ਅਤੇ ਚਾਹੇ ਕੋਈ ਵੀ ਕੰਮ ਹੋਵੇ, ਸਾਡੇ ਦੇਸ਼ ਦੇ ਯੂਥ ਨੂੰ ਹਰ ਜਗ੍ਹਾ ਵੱਧ ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ। ਬੀ. ਡੀ. ਪੀ. ਓ. ਹੀਰਾ ਸਿੰਘ ਸੁਧਾਰ ਨੇ ਕਿਹਾ ਕਿ ਕੈਪਟਨ ਸੰਦੀਪ ਸਿੰਘ ਸੰਧੂ ਬਹੁਤ ਹੀ ਵਧੀਆ ਅਤੇ ਸੂਝਵਾਨ ਨੇਤਾ ਹਨ ਅਤੇ ਸਿਆਸਤ ਤੋਂ ਉੱਪਰ ਉੱਠ ਕੇ ਬਿਨਾਂ ਕਿਸੇ ਭੇਦਭਾਵ ਤੋਂ ਹਲਕਾ ਦਾਖਾ ਦੇ ਹਰ ਨਗਰ ਵਿੱਚ ਵਿਕਾਸ ਕਾਰਜਾਂ ਲਈ ਗ੍ਰਾਂਟਾਂ ਦੇਣ ਵਿੱਚ ਕੋਈ ਕਮੀ ਨਹੀਂ ਛੱਡੀ। ਨਾਲ ਹੀ ਡਾ. ਗੁਲਵਿੰਦਰ ਸਿੰਘ ਹਾਂਸ ਅਤੇ ਬੀਬੀ ਗੁਰਪ੍ਰੀਤ ਕੌਰ ਨੇ ਕੈਪਟਨ ਸੰਦੀਪ ਸਿੰਘ ਸੰਧੂ ਦਾ ਪਿੰਡ ਹਾਂਸ ਕਲਾਂ ਪਰਤਣ ਤੇ ਬਹੁਤ ਬਹੁਤ ਧੰਨਵਾਦ ਕੀਤਾ ਅਤੇ ਕਿਹਾ ਕਿ ਸਾਡੇ ਪਿੰਡ ਵਿੱਚ ਸੰਦੀਪ ਸੰਧੂ ਜੀ ਨੇ ਬਹੁਤ ਵਿਕਾਸ ਕਰਵਾਇਆ ਹੈ ਅਤੇ ਕਰਵਾ ਰਹੇ ਹਨ। ਇਸ ਮੌਕੇ ਕੈਪਟਨ ਸੰਦੀਪ ਸਿੰਘ ਸੰਧੂ ਓ. ਐਸ. ਡੀ. ਮੁੱਖ ਮੰਤਰੀ ਪੰਜਾਬ, ਹਰਮਨ ਕੁਲਾਰ ਚੇਅਰਮੈਨ ਬਲਾਕ ਸੰਮਤੀ ਸੁਧਾਰ, ਬੀ. ਡੀ. ਪੀ. ਓ. ਹੀਰਾ ਸਿੰਘ ਸੁਧਾਰ, ਪੰਚਾਇਤ ਸਕੱਤਰ ਰਾਜੇਸ਼ ਕੁਮਾਰ, ਹਰਮਨ ਸਿੰਘ ਹਾਂਸ, ਡਾਕਟਰ ਗੁਲਵਿੰਦਰ ਸਿੰਘ ਲਾਲਾ, ਬੀਬੀ ਗੁਰਪ੍ਰੀਤ ਕੌਰ, ਅਮਨਦੀਪ ਸਿੰਘ ਅਮਨਾ, ਦੌਲਤ ਸਿੰਘ, ਭਗਵਾਨ ਸਿੰਘ ਭਾਨਾ, ਮੇਜ਼ਰ ਸਿੰਘ, ਅਜੈਬ ਸਿੰਘ ਪ੍ਰਧਾਨ ਸੁਸਾਇਟੀ ਹਾਂਸ ਕਲਾਂ ਉੱਤਮ ਸਿੰਘ ਗੋਰਾ, ਲੰਬੜਦਾਰ ਬਲਜਿੰਦਰ ਸਿੰਘ, ਜਸਵੰਤ ਸਿੰਘ, ਜਰਨੈਲ ਸਿੰਘ, ਹਰਪ੍ਰੀਤ ਸਿੰਘ ਹੈਪੀ ਸੁਸਾਇਟੀ ਮੈਂਬਰ, ਮਹਿੰਦਰ ਸਿੰਘ ਕਾਰਜਕਾਰੀ ਸਰਪੰਚ, ਬਾਵਾ ਸਿੰਘ ਪੰਚ, ਕਮਲਜੀਤ ਸਿੰਘ ਪੰਚ ਅਤੇ ਨਗਰ ਦੇ ਹੋਰ ਲੋਕ ਹਾਜ਼ਰ ਸਨ।

# ਨਵ ਨਿਯੁਕਤ ਪੰਜ ਮੈਂਬਰੀ ਕਮੇਟੀ ਵੱਲੋਂ, ਕਿਸਾਨਾਂ ਦਾ ਰੈਲੀ ਨੂੰ ਕਾਮਯਾਬ ਬਣਾਉਂਣ ਤੇ ਕੀਤਾ ਧੰਨਵਾਦ



**ਗੁਰਦਾਸਪੁਰ-ਨਵਨੀਤ ਕੁਮਾਰ/ਮੰਗੋਤਰਾ ਸਾਬ**

ਭਾਰਤੀ ਕਿਸਾਨ ਯੂਨੀਅਨ ਡਕੌਂਦਾ ਵੱਲੋਂ ਨਿਯੁਕਤ ਕੀਤੀ ਗਈ ਪੰਜ ਮੈਂਬਰੀ ਕਮੇਟੀ ਦੇ ਮੈਂਬਰਾਂ ਵੱਲੋਂ ਇੱਕ ਅਹਿਮ ਮੀਟਿੰਗ ਕੀਤੀ ਗਈ। ਜਿਸ ਵਿੱਚ ਕਮੇਟੀ ਮੈਂਬਰ ਗੁਰਵਿੰਦਰ ਸਿੰਘ ਜੀਵਨ ਚੱਕ, ਦਲਬੀਰ ਸਿੰਘ ਜੀਵਨ ਚੱਕ, ਕੁਲਵੰਤ ਸਿੰਘ ਸਰਪੰਚ ਦਬੂੜੀ, ਬਲਦੇਵ ਸਿੰਘ ਮਲੂਕ ਚੱਕ, ਸੁਖਦੇਵ ਸਿੰਘ ਮਿਆਣੀ ਦਰਸਨ ਸਿੰਘ ਸੁਲਤਾਨੀ ਆਦਿ ਵੱਲੋਂ ਸਮੂਹ ਇਲਾਕਾਂ ਨਿਵਾਸੀਆਂ, ਮੀਡੀਆਂ, ਪ੍ਰੈਸ ਰਿਪੋਰਟਰਾਂ, ਅਤੇ ਗੁਰਦੁਆਰਾ ਟਾਹਲੀ ਸਾਹਿਬ ਗਾਹਲੜੀ ਪ੍ਰਬੰਧਕ ਕਮੇਟੀ ਦਾ ਕਿਸਾਨ ਰੈਲੀ ਵਿੱਚ ਪਹੁੰਚ ਕੇ ਸਹਿਯੋਗ ਕਰਨ ਤੇ ਤਹਿਦਿਲੋਂ ਧੰਨਵਾਦ ਕੀਤਾ ਗਿਆ। ਇਸ ਸਮੇਂ ਕਿਸਾਨ ਅੰਦੋਲਨ ਵਿੱਚ ਸਹੀਦ ਹੋਏ ਕਿਸਾਨਾਂ ਨੂੰ ਯਾਦ ਕੀਤਾ ਗਿਆ। ਇਸ ਸਮੇਂ ਭਾਰਤੀ ਕਿਸਾਨ ਯੂਨੀਅਨ ਏਕਟ ਡਕੌਂਦਾ ਦਾ ਵੀ ਧੰਨਵਾਦ ਕੀਤਾ ਗਿਆ, ਜਿਨ੍ਹਾ ਨੇ ਆਪਣੇ ਰੋਜੇਵਿਆ ਤੋਂ ਸਮਾਂ ਕੱਡ ਕੇ ਭਰਵੀ ਕਿਸਾਨ ਰੈਲੀ ਵਿੱਚ ਪਹੁੰਚੇ ਕਿਜਾਨਾਂ ਨੂੰ ਜਾਗਰੂਕ ਕਰਕੇ ਨਵਾਂ ਜੋਸ਼ ਭਰਿਆ। ਇਸ ਸਮੇਂ ਸਮੂਹ ਕਮੇਟੀ ਮੈਂਬਰਾਂ ਵੱਲੋਂ ਨਿਰਨੇ ਲਿਆ ਗਿਆ ਕਿ ਉਹ ਜਦੋਂ ਕਿਸਾਨ ਅੰਦੋਲਨ ਵਿੱਚ ਜਿੱਤ ਹਾਸਲ ਕਰਕੇ ਕਾਲੇ ਕਾਨੂੰਨ ਰੱਦ ਨਹੀ ਕਰਵਾ ਲੈਂਦੇ, ਉਸ ਸਮੇਂ ਤੱਕ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਮੋਢੇ ਨਾਲ ਮੋਢਾ ਜੋਰ ਕੇ ਹਰ ਮੁਸਕਲ ਘੜੀ ਵਿੱਚ ਦਿਨਰਾਤ ਸੇਵਾ ਨਿਭਾਉਂਦੇ ਰਹਾਗੇ। ਅਖੀਰ ਉਹਨਾਂ ਵੱਲੋਂ ਸਮੂਹ ਇਲਾਕਾ ਨਿਵਾਸੀਆਂ ਅਤੇ ਸਹਿਯੋਗੀ ਸੱਜਣਾ ਦਾ ਰੈਲੀ ਵਿੱਚ ਪਹੁੰਚ ਕੇ ਕਾਮਯਾਬ ਕਰਨ ਤੇ ਧੰਨਵਾਦ ਕੀਤਾ।

## ਸਾਬਕਾ ਮੰਗੇਤਰ ਤੇ ਉਸ ਦੇ ਚਾਚੇ ਵਲੋਂ ਤੰਗ ਪ੍ਰੇਸ਼ਾਨ ਕੀਤੇ ਜਾਣ 'ਤੇ ਨੌਜਵਾਨ ਨੇ ਕੀਤੀ ਖ਼ੁਦਕੁਸ਼ੀ

**ਅੰਮ੍ਰਿਤਸਰ/ਲੋਕ ਬਾਣੀ :** ਰਿਸ਼ਤਾ ਟੁੱਟਣ ਤੋਂ ਬਾਅਦ ਕੁੜੀ ਵਾਲਿਆਂ ਵਲੋਂ ਪਰੇਸ਼ਾਨ ਕੀਤੇ ਜਾਨ ਕਾਰਨ ਨੌਜਵਾਨ ਵਲੋਂ ਖ਼ੁਦਕੁਸ਼ੀ ਕਰ ਲਈ ਗਈ . ਮ੍ਰਿਤਕ ਵਲੋਂ ਇਕ ਖ਼ੁਦਕੁਸ਼ੀ ਨੋਟ ਵੀ ਲਿਖਿਆ ਗਿਆ ਜਿਸ ਵਿਚ ਇਕ ਪੁਲਿਸ ਕਰਮਚਾਰੀ ਦਾ ਜ਼ਿਕਰ ਕੀਤਾ ਗਿਆ ਹੈ . ਨੌਜਵਾਨ ਵਲੋਂ ਖ਼ੁਦਕੁਸ਼ੀ ਦਾ ਕਾਰਨ ਆਪਣੀ ਪਹਿਲੀ ਮੰਗੇਤਰ ਅਤੇ ਉਸ ਦੇ ਚਾਚੇ ਨੂੰ ਦੱਸਿਆ ਗਿਆ ਜੋ ਕਿ ਪੁਲਿਸ ਅਧਿਕਾਰੀ ਹੈ .

## ਗੁਰਦੁਆਰਾ ਨਾਨਕਮਤਾ ਸਾਹਿਬ ਵਿਖੇ ਮਰਯਾਦਾ ਦੀ ਉਲੰਘਣਾ ਦਾ ਮਾਮਲਾ

**ਅੰਮ੍ਰਿਤਸਰ/ਲੋਕ ਬਾਣੀ :** ਗੁਰਦੁਆਰਾ ਸ੍ਰੀ ਨਾਨਕਮਤਾ ਸਾਹਿਬ ਕਮੇਟੀ ਉੱਤਰਾਖੰਡ ਦੇ ਸਾਬਕਾ ਮੀਤ ਪ੍ਰਧਾਨ ਜਸਵਿੰਦਰ ਸਿੰਘ ਬੀਤੇ ਦਿਨੀਂ ਗੁਰਦੁਆਰਾ ਸਾਹਿਬ ਵਿਖੇ ਹੋਈ ਮਰਯਾਦਾ ਦੀ ਉਲੰਘਣਾ ਦੇ ਦੋਸ਼ ਤਹਿਤ ਅੱਜ ਸਰਬੱਤ ਖ਼ਾਲਸਾ ਵਲੋਂ ਨਿਯੁਕਤ ਅਕਾਲ ਤਖ਼ਤ ਸਾਹਿਬ ਦੇ ਮੁਤਵਾਜ਼ੀ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਵਲੋਂ ਗਠਿਤ ਹਵਾਰਾ ਕਮੇਟੀ ਅੱਗੇ ਪੇਸ਼ ਹੋਏ। ਜਾਣਕਾਰੀ ਅਨੁਸਾਰ ਇਸ ਮੌਕੇ ਹਵਾਰਾ ਕਮੇਟੀ ਮੈਂਬਰਾਂ ਨੇ ਜਸਵਿੰਦਰ ਸਿੰਘ ਨੂੰ ਮੁਤਵਾਜ਼ੀ ਜਥੇਦਾਰ ਭਾਈ ਹਵਾਰਾ ਦਾ ਪੱਤਰ ਸੌਂਪਿਆ, ਜਿਸ ਵਿਚ ਕਿਹਾ ਗਿਆ ਕਿ ਉਹ ਗੁਰਦੁਆਰਾ ਨਾਨਕਮਤਾ ਵਿਖੇ ਹੋਈ ਮਰਿਯਾਦਾ ਦੀ ਉਲੰਘਣਾ ਦੇ ਦੋਸ਼ੀ ਹਨ ਤੇ ਸਿੱਖ ਰਹਿਤ ਮਰਿਯਾਦਾ ਦੇ ਅਨੁਸਾਰ ਦਾਹੜਾ ਰੰਗਣ ਦੀ ਮਨਾਹੀ ਹੈ। ਇਸ ਲਈ ਉਹ ਸਿੱਖ ਰਹਿਤ ਮਰਿਯਾਦਾ ਅਨੁਸਾਰ ਤਨਖ਼ਾਹੀਏ ਹਨ। ਪੱਤਰ ਵਿਚ ਜਸਵਿੰਦਰ ਸਿੰਘ ਨੂੰ ਹਦਾਇਤ ਕੀਤੀ ਗਈ ਕਿ ਉਹ ਪੰਜ ਪਿਆਰਿਆਂ ਕੋਲ ਪੇਸ਼ ਹੋ ਕੇ ਹੋਈ ਭੁੱਲ ਦੀ ਖਿਮਾ ਯਾਚਨਾ ਕਰਨ ਤੇ ਉਨ੍ਹਾਂ ਵਲੋਂ ਜੋ ਵੀ ਸਜ਼ਾ ਲਗਾਈ ਜਾਵੇ ਉਸ ਨੂੰ ਖਿੜੇ ਮੱਥੇ ਪ੍ਰਵਾਨ ਕਰਨ।

## ਮੁੰਬਈ ਜਬਰ ਜਨਾਹ ਮਾਮਲੇ ਵਿਚ ਦੋਸੀ 21 ਸਤੰਬਰ ਤੱਕ ਪੁਲਿਸ ਹਿਰਾਸਤ ਵਿਚ

**ਮੁੰਬਈ/ਲੋਕ ਬਾਣੀ :** ਮੁੰਬਈ ਜਬਰ ਜਨਾਹ ਮਾਮਲੇ ਵਿਚ ਅਦਾਲਤ ਨੇ ਦੋਸੀ ਨੂੰ 21 ਸਤੰਬਰ ਤੱਕ ਪੁਲਿਸ ਹਿਰਾਸਤ ਵਿਚ ਭੇਜ ਦਿੱਤਾ ਹੈ। ਜ਼ਿਕਰਯੋਗ ਹੈ ਕਿ ਮੁੰਬਈ 'ਚ ਇਕ ਔਰਤ ਨਾਲ 'ਨਿਰਭੈਆ' ਵਰਗੀ ਦਰਿੰਦਗੀ ਕੀਤੀ ਗਈ . ਔਰਤ ਦੀ ਹਾਲਤ ਗੰਭੀਰ ਬਣੀ ਹੋਈ ਸੀ ਅਤੇ ਇਲਾਜ ਦੌਰਾਨ ਉਸ ਦੀ ਮੌਤ ਹੋ ਚੁੱਕੀ ਹੈ।

## ਨਸਰਾਲਾ ਸਟੇਸ਼ਨ ਤੋਂ ਇਕ ਅਣਪਛਾਤੀ ਮਿਲੀ ਲਾਸ਼

**ਨਸਰਾਲਾ/ਲੋਕ ਬਾਣੀ :** ਪਿੰਡ ਨਵੀਂ ਆਬਾਦੀ ਪੰਡੋਰੀ ਰੁਕਮਾਣ (ਨਸਰਾਲਾ ਸਟੇਸ਼ਨ) ਹੁਸ਼ਿਆਰਪੁਰ ਵਿਖੇ ਇਕ ਵਿਅਕਤੀ ਦੀ ਅਣਪਛਾਤੀ ਲਾਸ਼ ਮਿਲਣ ਦਾ ਸਮਾਚਾਰ ਹੈ। ਜਾਣਕਾਰੀ ਅਨੁਸਾਰ ਦਿਨ ਦੇ 11 ਕੁ ਵਜੇ ਇਕ ਦੁਕਾਨਦਾਰ ਨੇ ਦੇਖਿਆ ਕਿ ਕਾਫ਼ੀ ਸਮੇਂ ਤੋਂ ਇਹ ਵਿਅਕਤੀ ਇੱਥੇ ਲੰਮਾ ਪਿਆ ਹੋਇਆ ਹੈ। ਪੁਲਿਸ ਨੂੰ ਸੂਚਨਾ ਮਿਲਣ 'ਤੇ ਜਦੋਂ ਨਸਰਾਲਾ ਪੁਲਿਸ ਚੌਕੀ ਦੇ ਇੰਚਾਰਜ ਏ. ਐੱਸ. ਆਈ. ਕੁਲਵੰਤ ਸਿੰਘ ਨੇ ਦੇਖਿਆ ਤਾਂ ਉਕਤ ਵਿਅਕਤੀ ਦੀ ਮੌਤ ਹੋ ਚੁੱਕੀ ਸੀ।

## ਗਾਜ਼ੀਪੁਰ ਬਾਰਡਰ 'ਤੇ ਭਰਿਆ ਪਾਣੀ, ਨਹੀਂ ਹੋ ਰਹੀ ਨਾਲੇ ਦੀ ਸਫ਼ਾਈ

**ਨਵੀਂ ਦਿੱਲੀ/ਲੋਕ ਬਾਣੀ :** ਕਿਸਾਨ ਆਗੂ ਰਾਕੇਸ਼ ਟਿਕੈਤ ਦੇ ਵਲੋਂ ਗਾਜ਼ੀਪੁਰ ਬਾਰਡਰ ਦੇ 'ਤੇ ਭਰੇ ਮੀਂਹ ਦੇ ਪਾਣੀ ਵਿਚ ਬੈਠ ਕੇ ਪ੍ਰਦਰਸ਼ਨ ਕੀਤਾ ਗਿਆ . ਮੋਰਚੇ ਤੋਂ ਲਗਾਤਾਰ ਦਿੱਲੀ ਦੇ ਵੱਲ ਜਾ ਰਹੇ ਨਾਲੇ ਦੀ ਸਫ਼ਾਈ ਦੀ ਮੰਗ ਕੀਤੀ ਜਾ ਰਹੀ ਹੈ ਪਰ ਸੁਣਵਾਈ ਨਹੀਂ ਹੋ ਰਹੀ . ਅੱਜ ਪਾਣੀ ਭਰਨ ਕਾਰਨ ਕਿਸਾਨਾਂ ਦੇ ਟੈਂਟ ਅਤੇ ਲੰਗਰ ਦਾ ਵੀ ਬਹੁਤ ਨੁਕਸਾਨ ਹੋਇਆ।

# ਅੰਬਾਨੀ ਅੰਡਾਨੀ ਦੁਆਰਾ ਗੈਸ ਪਾਇਪ ਲਾਈਨ ਪਾਕੇ ਕਰੋੜਾਂ ਗੈਸ ਵਰਕਰਾਂ ਨੂੰ ਕੰਮ ਤੋਂ ਵਾਂਝੇ ਕਰਨ ਜਾ ਰਹੀ




**ਪਟਿਆਲਾ/ਜਗਦੀਸ ਰਾਈਕਾ**

ਜਿਥੇ ਮੋਦੀ ਸਰਕਾਰ ਕਿਸਾਨਾਂ ਨੂੰ ਉਜਾੜਨ ਵਾਲੇ ਪਾਸੇ ਲੱਗੀ ਹੈ ਉਥੇ ਹੀ ਅੰਬਾਨੀ ਅੰਡਾਨੀ ਦੁਆਰਾ ਗੈਸ ਪਾਇਪ ਲਾਈਨ ਪਾਕੇ ਕਰੋੜਾਂ ਗੈਸ ਵਰਕਰਾਂ ਨੂੰ ਕੰਮ ਤੋਂ ਵਾਂਝੇ ਕਰਨ ਜਾ ਰਹੀ ਹੈ ਇਸ ਦੇ ਵਿਰੋਧ ਵਿੱਚ ਪਟਿਆਲੇ ਤੋਂ ਅੱਜ ਗੈਸ ਏਜੰਸੀ ਵਰਕਰ ਯੂਨੀਅਨ ਦੇ ਪ੍ਰਧਾਨ ਕਸਮੀਰ ਸਿੰਘ ਬਿੱਲਾ ਜੀ ਦੀ ਅਗਵਾਈ ਵਿੱਚ ਵੱਖ-ਵੱਖ ਗੈਸ ਏਜੰਸੀਆਂ ਤੋਂ ਗੈਸ ਵਰਕਰਾਂ ਦਾ ਕਾਫਲਾ ਦਿੱਲੀ ਸੰਭੂ ਬਾਰਡਰ ਲਈ ਰਵਾਨਾ ਹੋਇਆ ਇਸ ਮੌਕੇ ਸਕੱਤਰ ਸੁਰਜੀਤ ਸਿੰਘ ਨੇ ਬੋਲਦਿਆਂ ਕਿਹਾ ਕੇ ਕੈਪਟਨ ਅਤੇ ਮੋਦੀ ਸਰਕਾਰ ਦੀ ਮਿਲੀ ਭੁਗਤ ਨਾਲ ਇਹ ਪਾਇਪਲਾਇਨ ਪਾਈ ਜਾ ਰਹੀ ਹੈ ਇਕ ਤਰਫ ਤਾਂ ਸਰਕਾਰਾਂ ਘਰ ਘਰ ਰੁਜਗਾਰ ਦੇਣ ਦੀਆਂ ਗੱਲਾਂ ਕਰਦੀਆਂ ਹਨ ਦੂਜੇ ਪਾਸੇ ਗੈਸ ਪਾਇਪਲਾਇਨ ਪਾ ਕੇ ਕਰੋੜਾਂ ਪਰਿਵਾਰਾਂ ਤੋਂ ਰੁਜਗਾਰ ਖੋਏ ਜਾ ਰਹੇ ਹਨ ਇਸ ਮੌਕੇ ਸਾਥੀ ਪਰਗਟ ਸਿੰਘ ਹਰਜੀਤ ਸਿੰਘ ਸਤਪਾਲ ਸਿੰਘ ਬਲਜਿੰਦਰ ਸਿੰਘ ਜਸਵਿੰਦਰ ਸਿੰਘ ਜੱਸੀ ਕੇਸਰ ਸਿੰਘ ਬਲਕਾਰ ਸਿੰਘ ਹਰਬੰਸ ਸਿੰਘ ਕਰਮਜੀਤ ਸਿੰਘ ਆਦਿ ਮੌਜੂਦ ਸਨ।

## ਪੀ.ਆਰ.ਟੀ.ਸੀ. ਪੈਨਸ਼ਨ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ

**ਪਟਿਆਲਾ/ਜਗਦੀਸ ਰਾਈਕਾ**

ਅੱਜ ਮਿਤੀ 11092021 ਨੂੰ ਪੀ.ਆਰ.ਟੀ.ਸੀ. ਪੈਨਸ਼ਨ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ ਸ਼੍ਰੀ ਜੋਗਿੰਦਰ ਸਿੰਘ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੌਰਾਨ ਸਰਵ ਸੰਮਤੀ ਨਾਲ ਹਾਊਸ ਨੇ ਫੈਸਲਾ ਲਿਆ ਕਿ ਜੋ ਟੀਮ ਇਸ ਵਕਤ ਕੰਮ ਕਰ ਰਹੀ ਹੈ, ਉਸ ਦਾ ਕੰਮ ਸੰਤੋਸ਼ਜਨਕ ਹੈ ਅਤੇ ਇਹੋ ਟੀਮ ਅਗਲੇ ਦੋ ਸਾਲਾਂ ਲਈ ਹੀ ਕੰਮ ਕਰੇਗੀ। ਇਸ ਟੀਮ ਵਿੱਚ ਇੱਕ ਨਵਾਂ ਚਿਹਰਾ ਸ਼ਾਮਿਲ ਕੀਤਾ ਹੈ। ਸ਼੍ਰੀ ਯੋਗਿੰਦਰ ਪਾਲ ਸੈਣੀ ਨੂੰ ਬਤੌਰ ਡਿਪਟੀ ਜਨਰਲ ਸਕੱਤਰ ਨਿਯੁਕਤ ਕੀਤਾ ਹੈ ਕਿਉਂਕਿ ਉਸ ਦਾ ਕੰਮ ਕਾਜ ਪੀ.ਆਰ.ਟੀ.ਸੀ. ਐਸੋਸੀਏਸ਼ਨ ਨੇ ਸੰਤੋਸ਼ਜਨਕ ਪਾਇਆ ਹੈ ਅਤੇ ਐਸੋਸੀਏਸ਼ਨ ਨੂੰ ਹਰ ਰੋਜ ਪੂਰਾ ਸਹਿਯੋਗ ਦੇ ਰਿਹਾ ਹੈ। ਮੀਟਿੰਗ ਵਿੱਚ ਸਰਵ ਸ਼੍ਰੀ ਨਿਹਾਲ ਚੰਦ, ਤਿਰਲੋਕ ਸਿੰਘ, ਸ਼ਿਵ ਕੁਮਾਰ ਅਤੇ ਮਹਿੰਦਰ ਪਾਲ ਹਾਜਰ ਸਨ।

# ਅੱਗ ਦੀ ਭੇਂਟ ਚੜੇ ਘਰ ਦੇ ਪੀੜਤ ਪਰਿਵਾਰ ਦੀ ਸਹਾਇਤਾ ਲਈ ਅੱਗੇ ਆਏ ਵਿਧਾਇਕ ਡਾ : ਹਰਜੋਤ ਕਮਲ

## ਮਕਾਨ ਦੀ ਪੁਨਰ ਉਸਾਰੀ ਲਈ ਸੌਂਪਿਆ 1 ਲੱਖ ਰੁਪਏ ਦਾ ਚੈੱਕ



**ਮੋਗਾ/ਦਵਿੰਦਰ ਸਿੰਘ ਬਿੱਟੂ**

: ਵਿਧਾਇਕ ਡਾ: ਹਰਜੋਤ ਕਮਲ ਜਿੱਥੇ ਹਲਕੇ ਦੇ ਸਰਬਪੱਖੀ ਵਿਕਾਸ ਲਈ ਨਿੱਠ ਕੇ ਕੰਮ ਕਰ ਰਹੇ ਹਨ ਉੱਥੇ ਹਲਕੇ ਦੇ ਲੋੜਵੰਦ ਪਰਿਵਾਰਾਂ ਦੀ ਸਹਾਇਤਾ ਲਈ ਵੀ ਸਰਕਾਰ ਤੋਂ ਸਹਾਇਤਾ ਰਾਸ਼ੀ ਪ੍ਰਾਪਤ ਕਰਕੇ ਲਾਭਪਾਤਰੀਆਂ ਤੱਕ ਪੁੱਜਦਾ ਕਰਨ ਲਈ ਹਮੇਸ਼ਾ ਤੱਤਪਰ ਰਹਿੰਦੇ ਹਨ। ਵਿਧਾਇਕ ਡਾ: ਹਰਜੋਤ ਕਮਲ ਦੇ ਇਨਾਂ ਉੱਦਮਾਂ ਸਦਕਾ ਵਾਰਡ ਨੰਬਰ 34 ਬੁੱਕਣਵਾਲਾ ਰੋਡ ਦੀ ਵਾਸੀ ਸੀਮਾਂ ਪਤਨੀ ਬੂਟਾ ਸਿੰਘ , ਦੇ ਘਰ ਨੂੰ ਪਿਛਲੇ ਮਹੀਨੇ, ਘਰ ਦੀ ਹੀ ਬਿਜਲੀ ਦੀ ਤਾਰ ਸਪਾਰਕ ਹੋਣ ’ਤੇ ਸਾਰਾ ਘਰ ਅੱਗ ਨਾਲ ਸੜ ਗਿਆ ਸੀ , ਜਿਸ ਦਾ ਪਤਾ ਜਦੋਂ ਵਿਧਾਇਕ ਡਾ: ਹਰਜੋਤ ਕਮਲ ਨੂੰ ਲੱਗਾ ਤਾਂ ਉਹਨਾਂ ਨੇ ਇਸ ਸਬੰਧੀ ਪੰਜਾਬ ਸਰਕਾਰ ਨੂੰ ਇਸ ਪਰਿਵਾਰ ਦੀ ਸਹਾਇਤਾ ਕਰਨ ਦੀ ਅਪੀਲ ਕੀਤੀ ਸੀ ਜਿਸ ’ਤੇ ਤਰਸ ਦੇ ਆਧਾਰ ’ਤੇ ਪੰਜਾਬ ਸਰਕਾਰ ਵੱਲੋਂ 1 ਲੱਖ ਰੁਪਏ ਦੀ ਸਹਾਇਤਾ ਰਾਸ਼ੀ ਦਾ ਚੈੱਕ ਪੀੜਤ ਪਰਿਵਾਰ ਦੀ ਮਹਿਲਾ ਮੈਂਬਰ ਸ਼੍ਰੀਮਤੀ ਸੀਮਾਂ ਨੂੰ ਜਾਰੀ ਕੀਤਾ ਗਿਆ। ਵਿਧਾਇਕ ਡਾ: ਹਰਜੋਤ ਕਮਲ ਨੇ ਇਹ ਚੈੱਕ ਸੌਂਪਦਿਆਂ ਆਖਿਆ ਕਿ ਉਹਨਾਂ ਨੇ ਹਮੇਸ਼ਾ ਆਪਣੇ ਹਲਕੇ ਦੇ ਲੋਕਾਂ ਨੂੰ ਆਪਣੇ ਪਰਿਵਾਰ ਦਾ ਮੈਂਬਰ ਸਮਝਿਆ ਹੈ ਅਤੇ ਜਦੋਂ ਵਾਰਡ ਇੰਚਾਰਜ ਦੀਪੂ ਸਹੋਤਾ ਨੇ ਇਸ ਪਰਿਵਾਰ ਨਾਲ ਵਾਪਰੇ ਦੁਖਦ ਹਾਦਸੇ ਬਾਰੇ ਦੱਸਿਆ ਤਾਂ ਉਹਨਾਂ ਨੇ ਤੁਰੰਤ ਪਰਿਵਾਰ ਲਈ ਪੰਜਾਬ ਸਰਕਾਰ ਤੋਂ ਸਹਾਇਤਾ ਦਿਵਾਉਣ ਲਈ ਪਰਿਕਿਰਿਆ ਆਰੰਭੀ ਅਤੇ ਅੱਜ ਉਹ ਇਸ ਸਹਾਇਤਾ ਰਾਸ਼ੀ ਦੇ ਚੈੱਕ ਨੂੰ ਪਰਿਵਾਰ ਨੂੰ ਸੌਂਪ ਕੇ ਤਸੱਲੀ ਮਹਿਸੂਸ ਕਰ ਰਹੇ ਹਨ ਕਿ ਹੁਣ ਇਹ ਪਰਿਵਾਰ ਇਸ ਰਾਸ਼ੀ ਨਾਲ ਆਪਣੇ ਸਿਰ ’ਤੇ ਦੁਬਾਰਾ ਛੱਤ ਪਾਉਣ ਦਾ ਕੰਮ ਸ਼ੁਰੂ ਕਰ ਸਕੇਗਾ। ਇਸ ਮੌਕੇ ਵਿਧਾਇਕ ਡਾ: ਹਰਜੋਤ ਕਮਲ ਨੇ ਆਖਿਆ ਕਿ ਇਸੇ ਤਰਾਂ ਪਹਿਲਾਂ ਵੀ ਰਾਮਗੰਜ ਵਿਚ ਇਕ ਘਰ ਦੀ ਛੱਤ ਡਿੱਗਣ ਨਾਲ ਇਕ ਮਾਂ ਅਤੇ ਧੀ ਦੀ ਮੌਤ ਹੋ ਗਈ ਸੀ ਅਤੇ ਉਸ ਪਰਿਵਾਰ ਦੀ ਜਿੰਦਾ ਬਚੀ ਲੜਕੀ ਲਈ ਵੀ ਉਹਨਾਂ ਨੇ ਤੁਰੰਤ ਪੰਜਾਬ ਸਰਕਾਰ ਵੱਲੋਂ ਸਹਾਇਤਾ ਰਾਸ਼ੀ ਦੀ ਮੰਗ ਕੀਤੀ ਸੀ ਅਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਹੁਕਮਾਂ ’ਤੇ ਪਰਿਵਾਰ ਦੀ ਲੜਕੀ ਨੂੰ 4 ਲੱਖ ਰੁਪਏ ਦੀ ਸਹਾਇਤਾ ਰਾਸ਼ੀ ਮੁਹਈਆ ਕਰਵਾਈ ਗਈ ਸੀ । ਉਹਨਾਂ ਆਖਿਆ ਕਿ ਇਸੇ ਤਰਾਂ ਉਹਨਾਂ ਨੇ ਇਕ ਗੰਢੇ ਵੇਚਣ ਵਾਲੇ ਬਜ਼ੁਰਗ ਬਾਬੇ ਦੀ ਤਰਸ ਭਰੀ ਦਾਸਤਾਨ ਨੂੰ ਮੁੱਖ ਮੰਤਰੀ ਦੇ ਧਿਆਨ ਵਿਚ ਲਿਆਂਦਾ ਗਿਆ ਸੀ ਅਤੇ ਕੈਪਟਨ ਅਮਰਿੰਦਰ ਸਿੰਘ ਨੇ ਇਸ ਬਜ਼ੁਰਗ ਦੇ ਜਜ਼ਬੇ ਨੂੰ ਸਲਾਮ ਕਰਦਿਆਂ ਉਸ ਨੂੰ 5 ਲੱਖ ਦੀ ਸਹਾਇਤਾ ਰਾਸ਼ੀ ਭੇਜੀ ਸੀ। ਵਿਧਾਇਕ ਡਾ: ਹਰਜੋਤ ਕਮਲ ਨੇ ਆਖਿਆ ਕਿ ਹਲਕੇ ਦੇ ਲੋਕ ਜਿਸ ਤਰਾਂ ਉਹਨਾਂ ਨੂੰ ਪਿਆਰਦੇ ਅਤੇ ਸਤਿਕਾਰਦੇ ਹਨ , ਉਸ ਦਾ ਰਿਣ ਉਹ ਕਦੇ ਨਹੀਂ ਚੁਕਾ ਸਕਦੇ ਪਰ ਲੋਕਾਂ ਵੱਲੋਂ ਦਿੱਤੇ ਜਾਂਦੇ ਸਤਿਕਾਰ ਸਦਕਾ ਉਹਨਾਂ ਅੰਦਰ ਹਲਕੇ ਲਈ ਹੋਰ ਉਤਸ਼ਾਹ ਨਾਲ ਕੰਮ ਕਰਨ ਦਾ ਬਲ ਜ਼ਰੂਰ ਮਿਲਦਾ ਹੈ। ਇਸ ਮੌਕੇ ਸਹਾਇਤਾ ਰਾਸ਼ੀ ਦਾ ਚੈੱਕ ਪ੍ਰਾਪਤ ਕਰਨ ਵਾਲੀ ਲਾਭਪਾਤਰੀ ਸੀਮਾਂ ਨੇ ਵਿਧਾਇਕ ਡਾ: ਹਰਜੋਤ ਕਮਲ ਦਾ ਧੰਨਵਾਦ ਕੀਤਾ। ਇਸ ਮੌਕੇ ਡਿਪਟੀ ਮੇਅਰ ਅਸ਼ੋਕ ਨਮਿਜਾ, ਸਾਬਕਾ ਕੌਂਸਲਰ ਗੁਰਮਿੰਦਰਜੀਤ ਬਬਲੂ ਸਿਆਸੀ ਸਕੱਤਰ, ਸੀਨੀਅਰ ਕਾਂਗਰਸੀ ਆਗੂ ਰਾਜ ਵਰਮਾ, ਦੀਪਕ ਭੱਲਾ, ਮਨਦੀਪ ਕੌਰ ਬਲਾਕ ਪ੍ਰੈਜ਼ੀਡੈਂਟ ਮਹਿਲਾ ਕਾਂਗਰਸ ਆਦਿ ਹਾਜ਼ਰ ਸਨ।

# ਪ੍ਰਸ਼ਾਸਨ ਵੱਲੋਂ ‘ਘਰ-ਘਰ ਰੋਜ਼ਗਾਰ ਤੇ ਕਰੋਬਾਰ’ ਮਿਸ਼ਨ ਤਹਿਤ ਮੁਫਤ ਆਨਲਾਈਨ ਕੋਚਿੰਗ ਕੀਤੀ ਜਾਵੇਗੀ ਸ਼ੁਰੂ

**ਲੁਧਿਆਣਾ/ਕਰਨ ਅਗਰਵਾਲ**

ਪ੍ਰਤੀਯੋਗੀ ਪ੍ਰੀਖਿਆਵਾਂ ਵਿੱਚ ਭਾਗ ਲੈਣ ਵਾਲੇ ਨੌਜਵਾਨਾਂ ਨੂੰ ਸਹਾਇਤਾ ਪ੍ਰਦਾਨ ਕਰਨ ਦੇ ਮੰਤਵ ਨਾਲ, ਲੁਧਿਆਣਾ ਜ਼ਿਲ੍ਹਾ ਪ੍ਰਸ਼ਾਸਨ ਪੰਜਾਬ ਸਰਕਾਰ ਦੇ ‘ਘਰ-ਘਰ ਰੋਜ਼ਗਾਰ ਤੇ ਕਰੋਬਾਰ’ ਮਿਸ਼ਨ ਤਹਿਤ ਮੁਫਤ ਆਨਲਾਈਨ ਕੋਚਿੰਗ ਜਲਦ ਸ਼ੁਰੂ ਕੀਤੀ ਜਾਵੇਗੀ।

ਡਿਪਟੀ ਕਮਿਸ਼ਨਰ ਸ੍ਰੀ ਵਰਿੰਦਰ ਕੁਮਾਰ ਸ਼ਰਮਾ ਵੱਲੋਂ ਇਸ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਨੌਜਵਾਨਾਂ ਨੂੰ ਵੱਖ-ਵੱਖ ਵਿਭਾਗਾਂ ਦੀਆਂ ਪ੍ਰਤੀਯੋਗੀ ਪ੍ਰੀਖਿਆਵਾਂ ਲਈ ਕੋਚਿੰਗ ਮੁਹੱਈਆ ਕਰਵਾਈ ਜਾਵੇਗੀ ਜਿਸ ਵਿੱਚ ਅਧੀਨਗੀ ਸੇਵਾ ਚੋਣ ਬੋਰਡ (ਐਸ.ਐਸ.ਐਸ.ਬੀ.), ਪੰਜਾਬ ਪਬਲਿਕ ਸਰਵਿਸ ਕਮਿਸ਼ਨ (ਪੀ.ਪੀ.ਐਸ.ਸੀ.), ਸਟਾਫ ਸਿਲੈਕਸ਼ਨ ਕਮਿਸ਼ਨ (ਐਸ.ਐਸ.ਸੀ.), ਪੁਲਿਸ, ਰੇਲਵੇ ਬੋਰਡ, ਪ੍ਰੋਬੇਸ਼ਨਰੀ ਅਫਸਰ ਸਮੇਤ ਸ਼ਾਮਲ ਹਨ।

ਉਨ੍ਹਾਂ ਕਿਹਾ ਕਿ ਉਮੀਦਵਾਰਾਂ ਵੱਲੋਂ ਕਲੈਰੀਕਲ ਬੈਚ ਲਈ ਆਪਣੀ ਗ੍ਰੈਜੂਏਸ਼ਨ ਪੂਰੀ ਕੀਤੀ ਹੋਣੀ ਚਾਹੀਦੀ ਹੈ ਜਦੋਂ ਕਿ 12ਵੀਂ ਪਾਸ ਉਮੀਦਵਾਰ ਪੁਲਿਸ ਕਾਂਸਟੇਬਲ ਭਰਤੀ ਦੇ ਬੈਚ ਲਈ ਅਰਜ਼ੀ ਦੇ ਸਕਦੇ ਹਨ.

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮੁਫਤ ਕੋਚਿੰਗ ਕਲਾਸਾਂ ਦਾ ਲਾਭ ਲੈਣ ਲਈ ਚਾਹਵਾਨਾਂ ਨੂੰ ਆਪਣੇ ਆਪ ਨੂੰ ਵੈਬਸਾਈਟ ../ ‘ਤੇ ਰਜਿਸਟਰ ਕਰਵਾਉਣਾ ਚਾਹੀਦਾ ਹੈ. ਉਨ੍ਹਾਂ ਕਿਹਾ ਕਿ ਸਾਰੇ ਗ੍ਰੈਜੂਏਟ ਇਨ੍ਹਾਂ ਕਲਾਸਾਂ ਲਈ ਅਰਜ਼ੀ ਦੇ ਸਕਦੇ ਹਨ. ਉਨ੍ਹਾਂ ਕਿਹਾ ਕਿ ਅੰਡਰ ਗ੍ਰੈਜੂਏਟ ਕਿਸੇ ਵੀ ਕੇਂਦਰੀ/ਰਾਜ ਪ੍ਰਤੀਯੋਗੀ ਪ੍ਰੀਖਿਆ ਦੇ ਯੋਗ ਹੋਣ ਦੀ ਸਥਿਤੀ ਵਿੱਚ ਆਪਣੇ ਆਪ ਨੂੰ ਕਲਾਸਾਂ ਲਈ ਰਜਿਸਟਰ ਕਰਵਾ ਸਕਦੇ ਹਨ. ਉਨ੍ਹਾਂ ਕਿਹਾ ਕਿ ਹਰ ਬੈਚ ਲਈ ਹਰ ਰੋਜ਼ 1 ਘੰਟੇ 30 ਮਿੰਟ ਦੇ ਦੋ ਸੈਸ਼ਨ ਹਫ਼ਤੇ ਵਿੱਚ 6 ਦਿਨ ਆਯੋਜਿਤ ਕੀਤੇ ਜਾਣਗੇ। ਸ੍ਰੀ ਸ਼ਰਮਾ ਨੇ ਕਿਹਾ ਕਿ ਮੁਫਤ ਕੋਚਿੰਗ ਸਹੂਲਤ ਨੌਜਵਾਨਾਂ ਨੂੰ ਬਹੁਤ ਵੱਡੀ ਸਹਾਇਤਾ ਪ੍ਰਦਾਨ ਕਰੇਗੀ ਅਤੇ ਰੋਜ਼ਗਾਰ ਦੀ ਸੰਭਾਵਨਾ ਨੂੰ ਵਧਾਏਗੀ. ਉਨ੍ਹਾਂ ਯੋਗ ਉਮੀਦਵਾਰਾਂ ਨੂੰ ਅੱਗੇ ਆਉਣ ਅਤੇ ਇਨ੍ਹਾਂ ਮੁਫ਼ਤ ਆਨਲਾਈਨ ਕਲਾਸਾਂ ਲਈ ਆਪਣੇ ਆਪ ਨੂੰ ਰਜਿਸਟਰ ਕਰਨ ਦੀ ਅਪੀਲ ਕੀਤੀ ਤਾਂ ਜੋ ਆਪਣੇ ਖੇਤਰ ਵਿੱਚ ਵਧੀਆ ਮੁਹਾਰਤ ਹਾਸਲ ਕੀਤੀ ਜਾ ਸਕੇ। ਵਧੀਕ ਡਿਪਟੀ ਕਮਿਸ਼ਨਰ (ਵਿਕਾਸ)-ਕਮ-ਸੀ.ਈ.ਓ ਡੀ.ਬੀ.ਈ.ਈ. ਸ੍ਰੀ ਅਮਿਤ ਕੁਮਾਰ ਪੰਚਾਲ ਨੇ ਦੱਸਿਆ ਕਿ ਪ੍ਰੀਖਿਆ ਦੇ ਸਿਲੇਬਸ ਅਨੁਸਾਰ ਅੰਗਰੇਜ਼ੀ, ਹਿੰਦੀ ਅਤੇ ਪੰਜਾਬੀ ਵਿੱਚ ਪੜ੍ਹਾਉਣ ਦੇ ਸਮਰੱਥ ਵਿਸ਼ਾ ਮਾਹਿਰ ਅਧਿਆਪਕਾਂ ਦੁਆਰਾ ਕੋਚਿੰਗ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਹ ਨਿਵੇਕਲੀ ਪਹਿਲ ਨੌਜਵਾਨਾਂ ਨੂੰ ਮੁਕਾਬਲੇ ਦੀਆਂ ਪ੍ਰੀਖਿਆਵਾਂ ਲਈ ਬਿਹਤਰ ਢੰਗ ਨਾਲ ਤਿਆਰ ਕਰੇਗੀ ਅਤੇ ਸਰਕਾਰੀ ਨੌਕਰੀਆਂ ਦੇ ਸੁਪਨੇ ਨੂੰ ਸਾਕਾਰ ਕਰਨ ਵਿੱਚ ਸਹਾਈ ਸਿੱਧ ਹੋਵੇਗੀ। ਡਿਪਟੀ ਸੀ.ਈ.ਓ ਡੀ.ਬੀ.ਈ.ਈ. ਸ੍ਰੀ ਨਵਦੀਪ ਸਿੰਘ ਨੇ ਕਿਹਾ ਕਿ ਕੋਚਿੰਗ ਇੱਕ ਆਨਲਾਈਨ ਪਲੇਟਫਾਰਮ ਰਾਹੀਂ ਮੁਹੱਈਆ ਕਰਵਾਈ ਜਾਵੇਗੀ ਜਿਸ ਦਾ ਸਿੱਧਾ ਪ੍ਰਸਾਰਣ ਪੰਜਾਬ ਭਰ ਵਿੱਚ ਕੀਤਾ ਜਾਵੇਗਾ।

# ਕਲਯੁੱਗੀ ਪੁੱਤਰ ਨੇ ਆਪਣੀ ਹੀ ਮਾਂ ਦਾ ਕੀਤਾ ਕਤਲ, ਪੁਲਿਸ ਵਲੋਂ ਮਾਮਲਾ ਦਰਜ



**ਪਠਾਨਕੋਟ/ਸੁਖਵਿੰਦਰ ਜੰਡੀਰ**

ਪਠਾਨਕੋਟ ਵਿਚ ਇਕ 25 ਸਾਲਾ ਕਲਯੁਗੀ ਨੌਜਵਾਨ ਵੱਲੋਂ ਆਪਣੀ ਹੀ ਮਾਂ ਦਾ ਕਤਲ ਕਰ ਦੇਣ ਵਾਲਾ ਦਿਲ ਦਹਿਲਾਉਣ ਵਾਲਾ ਮਾਮਲਾ ਸਾਹਮਣੇ ਆਇਆ ਹੈ ਜਿਸ ਉੱਤੇ ਥਾਣਾ ਡਿਵੀਜ਼ਨ ਨੰਬਰ 1 ਵੱਲੋਂ ਮਾਮਲਾ ਦਰਜ ਕੀਤਾ ਗਿਆ ਜਾਣਕਾਰੀ ਵਿਚ ਥਾਣਾ ਮੁਖੀ ਨੇ ਦੱਸਿਆ ਕਿ ਰਾਹੁਲ ਵਾਸੀ ਸੁਰਾਹੀ ਮੁਹੱਲੇ ਦੇ ਬਿਆਨਾਂ ਦੇ ਆਧਾਰ ਤੇ ਇਹ ਮੁਕੱਦਮਾ ਦਰਜ ਕੀਤਾ ਗਿਆ ਹੈ ਜਿਸ ਵਿੱਚ ਮੁਦਈ ਨੇ ਦੱਸਿਆ ਕਿ ਮੈ ਰਾਤ ਕਰਿਬ 2:45 ਵਕਤ ਹੋਵੇਗਾ ਆਪਣੇ ਘਰ ਵਿੱਚ ਆਪਣੇ ਪਰਿਵਾਰ ਨਾਲ ਸੁੱਤਾ ਪਿਆ ਸੀ ਕੀ ਅਚਾਨਕ ਸਾਡੀ ਬਾਲਕਨੀ ਵਿਚ ਆਵਾਜ਼ ਆਈ ਜਦੋਂ ਮੈ ਉੱਠ ਕੇ ਦੇਖਿਆ ਕਿ ਮੇਰੇ ਤਾਏ ਦਾ ਲੜਕਾ ਜੋ ਸਾਡੇ ਨਾਲ ਵਾਲੇ ਕਮਰੇ ਵਿਚ ਰਹਿੰਦਾ ਹੈ ਜਿਸ ਨੇ ਆਪਣੇ ਹੱਥ ਵਿੱਚ ਕੈਂਚੀ ਫੜੀ ਹੋਈ ਸੀ ਜਿਸਦੇ ਹੱਥਾਂ ਤੇ ਖ਼ੂਨ ਲੱਗਾ ਹੋਇਆ ਸੀ ਤੇ ਮੇਰੀ ਤਾਈ ਕੈਲਾਸ਼ ਰਾਣੀ ਜੋ ਕਮਰੇ ਵਿੱਚ ਫਰਸ਼ ਤੇ ਡਿੱਗੀ ਪਈ ਸੀ ਤੇ ਖ਼ੂਨ ਨਾਲ ਲੱਥਪੱਥ ਸੀ ਮੁਦਈ ਨੇ ਦੱਸਿਆ ਕਿ ਇਹ ਸਭ ਦੇਖ ਮੈਂ ਘਬਰਾ ਕੇ ਰੌਲਾ ਪਾਇਆ ਤਾਂ ਮੇਰਾ ਪਰਿਵਾਰ ਇਕੱਠਾ ਹੋ ਗਿਆ ਤੇ ਸਾਨੂੰ ਵੇਖ ਕੇ ਮੇਰੇ ਤਾਏ ਦਾ ਲੜਕਾ ਸਾਹਿਲ ਕੈਂਚੀ ਮੌਕੇ ਤੇ ਸੁੱਟ ਕੇ ਪਿਛਲੇ ਪਾਸੇ ਆਰਮੀ ਏਰੀਏ ਨੂੰ ਛਾਲ ਮਾਰ ਕੇ ਦੌੜ ਗਿਆ ਮੁਦਈ ਨੇ ਦੱਸਿਆ ਕਿ ਮੈਂ ਆਪਣੀ ਤਾਈ ਨੂੰ ਦੇਖਿਆ ਜਿਸ ਦੇ 8-10 ਤੇਜ਼ ਹਥਿਆਰ ਨਾਲ ਸੱਟਾਂ ਲੱਗੀਆਂ ਸੀ ਤੇ ਮੇਰੀ ਤਾਈ ਦੀ ਮੌਕੇ ਤੇ ਮੌਤ ਹੋ ਚੁੱਕੀ ਸੀ ਮੁੱਦੇਈ ਨੇ ਦੱਸਿਆ ਕਿ ਜਦੋਂ ਉਸ ਦੇ ਤਾਏ ਦੇ ਲੜਕੇ ਨੇ ਭੱਜਣ ਲਈ ਆਰਮੀ ਏਰੀਏ ਚ ਛਾਲ ਮਾਰੀ ਤਾਂ ਉਹ ਵੀ ਬੁਰੀ ਤਰ੍ਹਾਂ ਨਾਲ ਜ਼ਖਮੀ ਹੋ ਗਿਆ ਜਿਸ ਨੂੰ ਇਲਾਜ ਲਈ ਸਿਵਲ ਹਸਪਤਾਲ ਪਠਾਨਕੋਟ ਦਾਖ਼ਲ ਕਰਵਾਇਆ ਗਿਆ ਉਸ ਨੇ ਦੱਸਿਆ ਕਿ ਮੇਰੇ ਤਾਏ ਦਾ ਲੜਕਾ ਨਸ਼ਾ ਕਰਨ ਦਾ ਆਦੀ ਹੈ ਜਿਸ ਦੇ ਬਿਆਨਾਂ ਦੇ ਆਧਾਰ ਤੇ ਪੁਲੀਸ ਨੇ ਮੁਕੱਦਮਾ ਰਜਿਸਟਰ ਕਰ ਲਿਆ ਹੈ।

# ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੌਰਾਨ ਸ਼ੁਰੂ ਹੋਈਆਂ ਆਨਲਾਈਨ ਫਲਾਈਨ ਜਮਾਤਾਂ

**ਪਠਾਨਕੋਟ/ਸੁਖਵਿੰਦਰ ਜੰਡੀਰ**





ਜਿਸ ਸਮੇਂ ਕੋਰੋਨਾ ਬਿਮਾਰੀ ਦਾ ਪ੍ਰਭਾਵ ਦੇਸ਼ ਵਿੱਚ ਸ਼ੁਰੂ ਹੋਇਆ ਸੀ ਉਸ ਸਮੇਂ ਸਰਕਾਰ ਵੱਲੋਂ ਇਸ ਭਿਆਨਕ ਮਹਾਂਮਾਰੀ ਨੂੰ ਕਾਬੂ ਵਿੱਚ ਕਰਨ ਲਈ ਦੇਸ਼ ਵਿੱਚ ਲੋਕ ਡੌਨ ਲਗਾ ਦਿੱਤਾ ਗਿਆ ਸੀ ਜਿਸ ਦੇ ਨਾਲ ਹੀ ਲਗਪਗ ਸਾਰੇ ਅਦਾਰਿਆਂ ਨੂੰ ਬੰਦ ਕਰ ਦਿੱਤਾ ਸੀ ਉਸ ਸਮੇਂ ਸਾਰੇ ਸਿੱਖਿਆ ਸੰਸਥਾਨ ਵੀ ਬੰਦ ਕਰ ਦਿੱਤੇ ਸਨ ਉਸ ਤੋਂ ਬਾਅਦ ਹੌਲੀ ਹੌਲੀ ਸਿੱਖਿਆ ਸੰਸਥਾਵਾਂ ਵੱਲੋਂ ਵਿਦਿਆਰਥੀਆਂ ਦਿਆ ਆਨਲਾਈਨ ਜਮਾਤਾਂ ਲੱਗਾਂ ਕੇ ਪੜ੍ਹਾਈ ਨੂੰ ਜਾਰੀ ਰੱਖਿਆ ਗਿਆ ਤੇ ਹੁਣ ਜਦੋਂ ਹੌਲੀ ਹੌਲੀ ਇਸ ਮਹਾਂਮਾਰੀ ਦਾ ਪ੍ਰਭਾਵ ਕੁਝ ਹੋਰ ਘਟ ਗਿਆ ਹੈ ਤਾਂ ਸਰਕਾਰ ਵੱਲੋਂ ਜਾਰੀ ਹਿਦਾਇਤਾਂ ਅਨੁਸਾਰ ਬਹੁਤ ਸਾਰੇ ਅਦਾਰਿਆਂ ਦੇ ਨਾਲ ਸਿੱਖਿਆ ਸੰਸਥਾਵਾਂ ਨੂੰ ਖੋਲ੍ਹਣ ਦੀ ਅਨੁਮਤੀ ਦੇ ਦਿੱਤੀ ਗਈ ਹੈ ਜਿਸਦੇ ਚਲਦਿਆਂ ਵੀਰਵਾਰ ਨੂੰ ਐੱਸ ਆਰ ਐਸ ਪੀ ਐੱਮ ਜੀ ਐੱਨ ਡੀ ਯੂਨੀਵਰਸਿਟੀ ਕਾਲਜ ਨਿਆੜੀ ਵਿੱਚ ਇਕ ਵਾਰ ਫਿਰ ਬੱਚਿਆਂ ਦੀ ਆਫਲਾਈਨ ਪੜ੍ਹਾਈ ਸੁਰੂ ਹੋਣ ਜਾ ਰਹੀ ਹੈ ਜਿਸ ਲਈ ਕਾਲਜ ਪ੍ਰਿੰਸੀਪਲ ਡਾ ਬਲਬੀਰ ਸਿੰਘ ਮਨਹਾਸ ਦੀ ਅਗਵਾਈ ਵਿਚ ਕਾਲਜ ਵਿਚ ਮਾਂ ਸਰਸਵਤੀ ਤੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ ਗਿਆ ਇਸ ਦੇ ਨਾਲ ਹੀ ਕਾਲਜ ਵਿਚ ਪਹਿਲੇ ਦਿਨ ਦੀਆਂ ਜਮਾਤਾਂ ਸ਼ੁਰੂ ਕੀਤੀਆਂ ਗਈਆਂ ਕਾਲਜ ਵਿੱਚ ਜਮਾਤਾਂ ਸ਼ੁਰੂ ਹੋਣ ਤੇ ਪਹਿਲੇ ਦਿਨ ਹੀ ਲਗਪਗ 90 ਪ੍ਰਤੀਸ਼ਤ ਨਵੇਂ ਦਾਖਲ ਹੋਏ ਬੱਚੇ ਤੇ ਲਗਪਗ 50 ਪ੍ਰਤੀਸ਼ਤ ਮੌਜੂਦਾ ਬੱਚਿਆਂ ਨੇ ਭਾਗ ਲਿਆ ਲੰਮੇ ਸਮੇਂ ਬਾਅਦ ਕਾਲਜ ਵਿੱਚ ਜਮਾਤਾਂ ਦੇ ਲੱਗਣ ਨਾਲ ਬੱਚਿਆਂ ਦਾ ਆਫਲਾਈਨ ਕਲਾਸਾਂ ਲਗਾਉਣ ਵਿਚ ਵੱਡਾ ਉਤਸ਼ਾਹ ਦੇਖਣ ਨੂੰ ਮਿਲਿਆ ਕਿਉਂਕਿ 2020 ਤੋਂ ਬੱਚੇ ਔਨਲਾਈਨ ਕਲਾਸਾਂ ਲਗਾ ਕੇ ਤੰਗ ਆ ਚੁੱਕੇ ਸਨ ਤੇ ਜਦੋਂ ਲੰਬੇ ਸਮੇਂ ਬਾਅਦ ਕਾਲਜ ਵਿੱਚ ਜਮਾਤਾਂ ਲੱਗਣੀਆਂ ਸ਼ੁਰੂ ਹੋਈਆਂ ਹਨ ਤਾਂ ਬੱਚੇ ਬੜੇ ਉਤਸਾਹ ਨਾਲ ਕਾਲਜ ਵਿੱਚ ਪਹੁੰਚੇ ਸਨ ਉੱਥੇ ਹੀ ਪ੍ਰਿੰਸਿਪਲ ਡਾ ਬਲਵੀਰ ਸਿੰਘ ਮਨਹਾਸ ਨੇ ਦੱਸਿਆ ਕਿ ਇਹ ਇਲਾਕਾ ਪਛੜਿਆ ਹੋਣ ਕਾਰਨ ਇੱਥੇ ਔਨਲਾਈਨ ਕਲਾਸਾਂ ਲਗਾਉਣ ਵਿਚ ਬੱਚਿਆਂ ਨੂੰ ਭਾਰੀ ਦਿੱਕਤ ਹੁੰਦੀ ਸੀ ਜਿਸ ਕਾਰਨ ਬੱਚਿਆਂ ਦੀ ਪੜ੍ਹਾਈ ਵੀ ਖਰਾਬ ਹੋ ਰਹੀ ਸੀ ਉਨ੍ਹਾਂ ਦੱਸਿਆ ਕਿ ਕਾਲਜ ਵਿਚ ਸਰਕਾਰ ਵੱਲੋਂ ਜਾਰੀ ਸਾਰੀਆਂ ਹਿਦਾਇਤਾਂ ਦੇ ਅਨੁਸਾਰ ਕੋਵਡ 19 ਦਾ ਧਿਆਨ ਰੱਖਦੇ ਹੋਏ ਕਾਲਜ ਵਿੱਚ ਆਫਲਾਈਨ ਕਲਾਸਾਂ ਸ਼ੁਰੂ ਕੀਤੀਆਂ ਗਈਆਂ ਹਨ ਇਸ ਮੌਕੇ ਇਨ੍ਹਾਂ ਸਾਰਿਆਂ ਨੂੰ ਕੋਵਡ 19 ਨੂੰ ਧਿਆਨ ਵਿੱਚ ਰੱਖਦੇ ਹੋਏ ਸਰਕਾਰ ਵੱਲੋਂ ਜਾਰੀ ਹਦਾਇਤਾਂ ਦਾ ਪਾਲਣ ਕਰਨ ਲਈ ਅਪੀਲ ਕੀਤੀ ਇਸ ਮੌਕੇ ਸਮੂਹ ਕਾਲਜ ਸਟਾਫ ਉੱਥੇ ਮੌਜੂਦ ਰਿਹਾ

# ਮੋਹਾਲੀ ਹਲਕੇ ਦੇ ਪਿੰਡਾਂ ਵਿੱਚ ਵਿਕਾਸ ਕਾਰਜ ਜੰਗੀ ਪੱਧਰ ਉਤੇ ਜਾਰੀ: ਬਲਬੀਰ ਸਿੰਘ ਸਿੱਧੂ

## 39 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਫਿਰਨੀ ਦਾ ਨੀਂਹ ਪੱਥਰ ਰੱਖਿਆ

**ਜ਼ੀਰਕਪੁਰ/ਰਵੀ ਜੀਰਕਪੁਰ**

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਅਤੇ ਕਿਰਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਕਿਹਾ ਹੈ ਕਿ ਮੋਹਾਲੀ ਵਿਧਾਨ ਸਭਾ ਹਲਕੇ ਦੇ ਪਿੰਡਾਂ ਵਿੱਚ ਵਿਕਾਸ ਕਾਰਜ ਜੰਗੀ ਪੱਧਰ ਉਤੇ ਚੱਲ ਰਹੇ ਹਨ ਅਤੇ ਇਹ ਹਲਕਾ ਵਿਕਾਸ ਪੱਖੋਂ ਪੰਜਾਬ ਦੇ ਸਾਰੇ ਹਲਕਿਆਂ ਤੋਂ ਮੋਹਰੀ ਬਣ ਗਿਆ ਹੈ।ਹਲਕੇ ਦੇ ਪਿੰਡਾਂ ਦੇ ਅੱਜ ਕੀਤੇ ਦੌਰੇ ਦੌਰਾਨ ਇਕੱਠਾਂ ਨੂੰ ਸੰਬੋਧਨ ਕਰਦਿਆਂ ਸ। ਸਿੱਧੂ ਨੇ ਕਿਹਾ ਕਿ ਪਿੰਡਾਂ ਵਿੱਚ ਗਲੀਆਂ ਨਾਲੀਆਂ, ਫਿਰਨੀਆਂ, ਗੰਦੇ ਪਾਣੀ ਦੀ ਨਿਕਾਸੀ ਵਰਗੇ ਬੁਨਿਆਦੀ ਕੰਮ ਤਾਂ ਚੱਲ ਹੀ ਰਹੇ ਹਨ, ਸਗੋਂ ਹੁਣ ਪਿੰਡਾਂ ਵਿੱਚ ਕਮਿਊਨਿਟੀ ਸੈਂਟਰ ਵੀ ਬਣਾਏ ਜਾ ਰਹੇ ਹਨ ਤਾਂ ਜੋ ਵਿਆਹਾਂ ਸ਼ਾਦੀਆਂ ਦੇ ਸਮਾਗਮਾਂ ਵਿੱਚ ਲੋਕਾਂ ਨੂੰ ਸਹੂਲਤਾਂ ਮਿਲ ਸਕੇ ਅਤੇ ਉਨ ਾਂ ਦੇ ਪੈਸੇ ਬਚ ਸਕਣ। ਉਨ ਾਂ ਕਿਹਾ ਕਿ ਜਿੰਨੇ ਵਿਕਾਸ ਕਾਰਜ ਉਨ ਾਂ ਦੇ ਕਾਰਜਕਾਲ ਦੌਰਾਨ ਇਸ ਹਲਕੇ ਵਿੱਚ ਹੋਏ ਹਨ, ਉਨੇ ਪਿਛਲੇ ਕਈ ਦਹਾਕਿਆਂ ਵਿੱਚ ਨਹੀਂ ਹੋਏ। ਕੈਬਨਿਟ ਮੰਤਰੀ ਨੇ ਅੱਜ ਆਪਣੇ ਦੌਰੇ ਦੀ ਸ਼ੁਰੂਆਤ ਪਿੰਡ ਕੈਲੋਂ ਤੋਂ ਕੀਤੀ, ਜਿੱਥੇ ਉਨ ਾਂ 39 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਫਿਰਨੀ ਦਾ ਨੀਂਹ ਪੱਥਰ ਰੱਖਿਆ। ਉਨ ਾਂ ਪੰਚਾਇਤ ਨੂੰ ਫਿਰਨੀ ਦੇ ਕੰਮ ਲਈ 39 ਲੱਖ ਰੁਪਏ ਦਾ ਚੈੱਕ ਵੀ ਸੌਂਪਿਆ। ਪਿੰਡ ਲਾਂਡਰਾਂ ਵਿੱਚ ਵਿੱਚ ਸ। ਸਿੱਧੂ ਨੇ ਗਲੀਆਂ ਨਾਲੀਆਂ ਦੀ ਉਸਾਰੀ ਦਾ ਨੀਂਹ ਪੱਥਰ ਰੱਖਿਆ। ਇਸ ਪਿੰਡ ਵਿੱਚ ਉਨ ਾਂ ਜਨਰਲ ਧਰਮਸ਼ਾਲਾ ਲਈ 5 ਲੱਖ, ਐਸ ਸੀ। ਧਰਮਸ਼ਾਲਾ ਦੀ ਰਿਪੇਅਰ ਵਾਸਤੇ 1 ਲੱਖ, ਸ਼ਮਸ਼ਾਨਘਾਟ ਦੀ ਚਾਰਦੀਵਾਰੀ ਦੀ ਉਸਾਰੀ ਵਾਸਤੇ 6 ਲੱਖ, ਗੁਰਦੁਆਰਾ ਸਾਹਿਬ ਤੋਂ ਗੰਦੇ ਪਾਣੀ ਦੀ ਨਿਕਾਸੀ ਲਈ 2।50 ਲੱਖ, ਗਲੀਆਂ ਨਾਲੀਆਂ ਵਾਸਤੇ 10 ਲੱਖ ਰੁਪਏ ਅਤੇ ਰਵੀਦਾਸ ਧਰਮਸ਼ਾਲਾ ਦੀ ਉਸਾਰੀ ਵਾਸਤੇ 5 ਲੱਖ ਰੁਪਏ ਦੀ ਗਰਾਂਟ ਦਾ ਚੈੱਕ ਦਿੱਤਾ। ਸਿਹਤ ਮੰਤਰੀ ਨੇ ਨਿਊ ਲਾਂਡਰਾਂ ਦੇ ਕਮਿਊਨਿਟੀ ਸੈਂਟਰ ਲਈ 7।50 ਲੱਖ ਰੁਪਏ ਦਾ ਚੈੱਕ ਪੰਚਾਇਤ ਨੂੰ ਦਿੱਤਾ। ਇਸ ਤੋਂ ਇਲਾਵਾ ਪਿੰਡ ਮਾਣਕਮਾਜਰਾ ਵਿੱਚ ਖੇੜੇ ਵਾਲੇ ਚੌਕ ਨਾਲ ਲਗਦੀਆਂ ਗਲੀਆਂ ਵਾਸਤੇ 2 ਲੱਖ, ਐਸ ।ਸੀ ਧਰਮਸ਼ਾਲਾ ਦਾ ਫਰਸ਼ ਤੇ ਸ਼ੈੱਡ ਪਾਉਣ ਵਾਸਤੇ 5 ਲੱਖ ਰੁਪਏ ਦੀ ਗਰਾਂਟ ਦਾ ਚੈੱਕ ਸੌਂਪਿਆ।ਉਨ ਾਂ ਪਿੰਡ ਨਾਨੋਮਾਜਰਾ ਵਿੱਚ ਜਨਰਲ ਧਰਮਸ਼ਾਲਾ ਦੀ ਉਸਾਰੀ ਲਈ 10 ਲੱਖ ਰੁਪਏ, ਸ਼ਮਸ਼ਾਨਘਾਟ ਦੇ ਪੇਵਰ ਤੇ ਚਾਰਦੀਵਾਰੀ ਵਾਸਤੇ 7 ਲੱਖ, ਪਿੰਡ ਸੰਭਾਲਕੀ ਦੇ ਪੰਚਾਇਤਘਰ ਦੀ ਉਸਾਰੀ ਵਾਸਤੇ 9 ਲੱਖ ਦਾ ਚੈੱਕ ਦਿੱਤਾ। ਇਸ ਪਿੰਡ ਵਿੱਚ ਉਨ ਾਂ ਐਸ ਸੀ ਧਰਮਸ਼ਾਲਾ ਦੀ ਉਸਾਰੀ ਦਾ ਨੀਂਹ ਪੱਥਰ ਰੱਖਿਆ, ਜਿਸ ਲਈ ਉਨ ਾਂ 10 ਲੱਖ ਰੁਪਏ ਦਾ ਚੈੱਕ ਪੰਚਾਇਤ ਨੂੰ ਦਿੱਤਾ। ਸਿੱਧੂ ਨੇ ਪਿੰਡ ਸੁੱਖਗੜ੍ਹ ਵਿੱਚ ਐਸ ਸੀ ਧਰਮਸ਼ਾਲਾ ਦੇ ਵਰਾਂਡੇ ਦੀ ਉਸਾਰੀ ਲਈ 2 ਲੱਖ, ਗਲੀਆਂ ਨਾਲੀਆਂ ਲਈ 2 ਲੱਖ, ਸਕੂਲ ਦੇ ਕਮਰਿਆਂ ਦੀ ਉਸਾਰੀ ਲਈ 7.50 ਲੱਖ ਰੁਪਏ, ਮੁਸਲਿਮ ਵੈਲਫੇਅਰ ਕਮੇਟੀ ਨੂੰ ਕਬਰਿਸਤਾਨ ਲਈ 6.75 ਲੱਖ ਦਾ ਚੈੱਕ ਦਿੱਤਾ। ਇਸ ਦੌਰੇ ਦੌਰਾਨ ਪਿੰਡਾਂ ਦੀਆਂ ਪੰਚਾਇਤਾਂ ਨੇ ਕੈਬਨਿਟ ਮੰਤਰੀ ਦਾ ਧੰਨਵਾਦ ਤੇ ਸਨਮਾਨ ਕਰਦਿਆਂ ਆਖਿਆ ਕਿ ਜਿੰਨੇ ਵਿਕਾਸ ਕਾਰਜ ਉਨ ਾਂ ਦੇ ਕਾਰਜਕਾਲ ਵਿੱਚ ਹੋਏ ਹਨ, ਉਹ ਆਪਣੇ ਆਪ ਵਿੱਚ ਇਕ ਮਿਸਾਲ ਹਨ। ਕੈਬਨਿਟ ਮੰਤਰੀ ਨੇ ਪਿੰਡ ਚਾਓਮਾਜਰਾ ਵਿੱਚ ਗੰਦੇ ਪਾਣੀ ਦੀ ਨਿਕਾਸੀ ਲਈ ਨਾਲੇ ਦਾ ਨੀਂਹ ਪੱਥਰ ਰੱਖਿਆ ਅਤੇ 5 ਲੱਖ ਰੁਪਏ ਦਾ ਚੈੱਕ ਦਿੱਤਾ। ਉਨ ਾਂ ਪਿੰਡ ਦੀ ਧਰਮਸ਼ਾਲਾ ਦੀ ਰਿਪੇਅਰ ਲਈ 1 ਲੱਖ ਅਤੇ ਨਿਊ ਕਮਿਊਨਿਟੀ ਸੈਂਟਰ ਵਾਸਤੇ 13.50 ਲੱਖ ਰੁਪਏ ਦੀ ਗਰਾਂਟ ਦਾ ਚੈੱਕ ਵੀ ਸੌਂਪਿਆ। ਪਿੰਡ ਰਾਏਪੁਰ ਖੁਰਦ ਦੀਆਂ ਗਲੀਆਂ ਨਾਲੀਆਂ ਲਈ 4 ਲੱਖ ਅਤੇ ਰਾਮਦਾਸੀਆ ਧਰਮਸ਼ਾਲਾ ਲਈ 5 ਲੱਖ ਰੁਪਏ ਦਾ ਚੈੱਕ ਪਿੰਡ ਦੀ ਪੰਚਾਇਤ ਨੂੰ ਦਿੱਤਾ।



ਰੋਜ਼ਾਨਾ ਲੋਕ ਬਾਣੀ

## ਸਮੂਹ ਚੋਣਕਾਰ ਰਜਿਸਟਰੇਸ਼ਨ ਅਫਸਰਾਂ ਵੋਟਰ ਹੈਲਪਲਾਈਨ ਐਪ (ਵੀ.ਐਚ.ਏ ) ਦੀ ਵੱਧ ਤੋ ਵੱਧ ਵਰਤੋ ਕਰਨ

**ਗੁਰਦਾਸਪੁਰ-ਨਵਨੀਤ ਕੁਮਾਰ**

ਸ੍ਰੀ ਰਾਹੁਲ, ਵਧੀਕ ਡਿਪਟੀ ਕਮਿਸ਼ਨਰ ਕਮ-ਵਧੀਕ ਜਿਲਾ ਚੋਣ ਅਫਸਰ ਨੇ ਜਾਣਕਾਰੀ ਦਿੰਦਿਆ ਦੱਸਿਆ ਹੈ ਕਿ ਵਿਧਾਨ ਸਭਾ ਦੀਆਂ ਚੋਣਾਂ 2022 ਦੇ ਮੱਦੇਨਜ਼ਰ ਯੋਗਤਾ ਮਿਤੀ 1-1-2022 ਦੇ ਅਧਾਰ ਤੇ ਵੋਟਰ ਸੂਚੀ ਦੀ ਸਪੈਸ਼ਲ ਸਰਸਰੀ ਸੁਧਾਈ ਕਰਵਾਈ ਜਾ ਰਹੀ ਹੈ ।ਜਿਸ ਵਿਚ ਵੋਟ ਬਣਾਉਣ , ਵੋਟ ਕਟਵਾਉਣ ਅਤੇ ਸੋਧ ਕਰਨ ਲਈ ਇੱਕ ਵਿਸੇਸ਼ ਮੁਹਿੰਮ ਸੁਰੂ ਕੀਤੀ ਗਈ ਹੈ ।ਉਨਾ ਨੇ ਅੱਗੇ ਦੱਸਿਆ ਕਿ ਇਸ ਸਮੇ ਬੂਥ ਲੈਵਲ ਅਫਸਰਾਂ ਵਲੋ ਘਰ ਘਰ ਜਾ ਕੇ ਵੋਟਰ ਵੈਰੀਫਿਕੇਸ਼ਨ ਦਾ ਕੰਮ ਕੀਤਾ ਜਾ ਰਿਹਾ ਹੈ । ਨਿਰਧਾਰਤ ਪ੍ਰੋਗਰਾਮ ਅਨੁਸਾਰ ਮਿਤੀ 1-11-2021 ਨੂੰ ਵੋਟਰ ਸੂਚੀ ਦੀ ਡਰਾਫਟ ਪਬਲੀਕੇਸ਼ਨ ਕਰਵਾਈ ਜਾਵੇਗੀ। ਦਾਅਵਿਆਂ ਅਤੇ ਇਤਰਾਜ਼ ਮਿਤੀ 1-11-2021 ਤੋ 30-11-2021 ਤੱਕ ਲਏ ਜਾਣਗੇ , ਜਿਲਾ ਗੁਰਦਾਸਪੁਰ ਦੇ ਸਾਰੇ ਪੋਲਿੰਗ ਸਟੇਸ਼ਨਾ ਤੇ 6-11-2021,7-11-2021, 20-11-2021 ਤੇ 21-11-2021 ਵਿਸੇਸ਼ ਕੈਪ ਲਗਾਏ ਜਾਣਗੇ । ਉਨਾ ਨੇ ਅੱਗੇ ਦੱਸਿਆ ਕਿ ਭਾਰਤ ਚੋਣ ਕਮਿਸਨ ਵਲੋ ਹਦਾਇਤ ਹੋਈ ਹੈ ਕਿ ਵੋਟਰ ਸੂਚੀਆ ਵਿਚ ਸੁਧਾਰਲਿਆਉਣ ਅਤੇ ਯੋਗ ਨਾਗਰਿਕਾਂ ਦੀ ਰਜਿਸ਼ਟੇਰਸ਼ਨ ਕਰਨ ਦੇ ਟੀਚੇ ਨੂੰ ਮੁੱਖ ਰੱਖਦੇ ਹੋਏ ਵੋਟਰ ਹੈਲਪਲਾਈਨ ਐਪ (ਵੀ.ਐਚ.ਏ) ਦੀ ਵੱਧ ਤੋ ਵੱਧ ਵਰਤੋ ਕੀਤੀ ਜਾਵੇ ।ਉਨਾ ਸਮੂਹ ਚੋਣਕਾਰ ਰਜਿਸਟਰੇਸ਼ਨ ਅਫਸਰਾਂ ਨੂੰ ਕਿਹਾ ਕਿ ਆਪਣੇ ਮੋਬਾਇਲ ਫੋਨ ਤੇ ਵੋਟਰ ਹੈਲਲਾਈਨ ਐਪ ਡਾਊਨ ਲੋਡ ਕਰਨ ਅਤੇ ਸਮੂਹ ਸਹਾਇਕ ਚੋਣਕਾਰ ਰਜਿਸਟਰੇਸ਼ਨ ਅਫਸਰਾਂ (1+2) ਸੁਪਰਵਾਈਜਰਾ ਅਤੇ ਬੀ.ਐਲ.ਜ ਨੂੰ ਹਦਾਇਤ ਕੀਤੀ ਜਾਵੇ ਕਿ ਉਹ ਆਪਣੇ ਮੋਬਾਇਲ ਫੋਨਾਂ ਤੇ ਵੋਟਰ ਹੈਲਪਲਾਈਨ ਐਪ ਡਾਊਨਲੋਡ ਕਰਨ ਅਤੇ ਇਸ ਦੀ ਵੱਧ ਤੋ ਵੱਧ ਵਰਤੋ ਕਰਨ ।

## ਸਿਹਤ ਵਿਭਾਗ ਵੱਲੋਂ ਆਰ.ਬੀ. ਐਸ.ਕੇ.ਤਹਿਤ ਮੀਟਿੰਗ ਆਯੋਜਿਤ



**ਲੁਧਿਆਣਾ/ਸੁਖਚੈਨ ਮਹਿਰਾ**

ਸਿਵਲ ਸਰਜਨ ਲੁਧਿਆਣਾ ਡਾ.ਕਿਰਨ ਆਹਲੂਵਾਲੀਆ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ, ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ.ਰਾਜ ਕੁਮਾਰ ਵੱਲੋਂ ਰਾਸ਼ਟਰੀ ਬਾਲ ਸੁਰੱਖਿਆ ਕਾਰਿਯਾਕ੍ਰਮ (ਆਰ.ਬੀ.ਐਸ.ਕੇ.) ਸਬੰਧੀ ਇੱਕ ਮੀਟਿੰਗ ਦਾ ਆਯੋਜਨ ਕੀਤਾ, ਜਿਸ ਵਿੱਚ ਸਕੂਲੀ ਬੱਚਿਆਂ ਨਾਲ ਸਬੰਧਤ ਬੀਮਾਰੀਆਂ ਬਾਰੇ ਵਿਚਾਰ ਵਟਾਂਦਰੇ ਕੀਤੇ ਗਏ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਡਾ. ਰਾਜ ਕੁਮਾਰ ਨੇ ਦੱਸਿਆ ਕਿ ਇਸ ਪ੍ਰੋਗਰਾਮ ਤਹਿਤ ਸਕੂਲੀ ਬੱਚਿਆਂ ਨੂੰ ਜਮਾਂਦਰੂ ਨੁਕਸਾਂ ਸਬੰਧੀ ਪਛਾਣ ਅਤੇ ਮੁਫ਼ਤ ਇਲਾਜ਼ ਦੀ ਸਹੂਲਤ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਪੇਟ ਦੇ ਕੀੜਿਆਂ ਤੋਂ ਬਚਾਅ ਲਈ ਗੋਲੀਆਂ ਦਿੱਤੀਆਂ ਜਾਂਦੀਆਂ ਹਨ ਅਤੇ ਮਾਨਸਿਕ ਅਤੇ ਸਰੀਰਕ ਵਿਕਾਸ ਲਈ ਲਾਜ਼ਮੀ ਹੈ ਕਿ ਬੱਚੇ ਪੌਸ਼ਟਿਕ ਭੋਜਨ ਹੀ ਲੈਣ।

ਡਾ. ਮੰਨੂ ਵਿਜ ਐਸ.ਐਮ.ਓ ਆਈ. ਮੋਬਾਇਲ ਨੇ ਦੱਸਿਆ ਕਿ ਬੱਚਿਆਂ ਦੀ ਨਜ਼ਰ ਟੈਸਟ ਕਰਕੇ ਲੋੜਵੰਦਾਂ ਨੂੰ ਮੁਫ਼ਤ ਐਨਕਾਂ ਦਿੱਤੀਆਂ ਜਾਂਦੀਆਂ ਹਨ। ਜ਼ਿਲ੍ਹਾ ਲੈਪਰੋਸੀ ਅਫ਼ਸਰ ਡਾ. ਗੁਰਤੇਜਿੰਦਰ ਕੌਰ ਨੇ ਟੀਮਾਂ ਨੂੰ ਕੋਹੜ ਦੀਆਂ ਨਿਸ਼ਾਨੀਆਂ ਅਤੇ ਇਲਾਜ਼ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੱਚਿਆਂ ਵਿੱਚ ਇਸ ਦੀ ਪਛਾਣ ਕੀਤੀ ਜਾਵੇ ਅਤੇ ਜੇਕਰ ਕੋਈ ਸ਼ੱਕੀ ਬੱਚਾ ਧਿਆਨ ਵਿੱਚ ਆਵੇ, ਤਾਂ ਤੁਰੰਤ ਇਲਾਜ਼ ਲਈ ਭੇਜਿਆ ਜਾਵੇ। ਡਾ.ਅਰੁਨਦੀਪ ਢਿੱਲੋਂ ਸਕੂਲ ਹੈਲਥ ਪ੍ਰੋਗਰਾਮ ਇੰਚਾਰਜ ਨੇ ਦੱਸਿਆ ਕਿ ਕੋਰੋਨਾ ਮਹਾਂਮਾਰੀ ਕਰਕੇ ਸਕੂਲ ਬੰਦ ਸਨ ਪਰ ਹੁਣ ਮੁੜ ਤੋਂ ਬੱਚਿਆਂ ਦੀ ਸਿਹਤ ਸੰਭਾਲ ਲਈ ਟੀਮਾਂ ਨੀਰੀਖਣ ਕਰਨਗੀਆਂ। ਉਨ੍ਹਾਂ ਬੱਚਿਆਂ ਅਤੇ ਅਧਿਆਪਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਸੂਬਾ ਸਰਕਾਰ ਵੱਲੋਂ ਜਾਰੀ ਕੋਵਿਡ ਪ੍ਰੋਟੋਕਾਲ ਦੀ ਸਖ਼ਤੀ ਨਾਲ ਪਾਲਣਾ ਕਰਨ।

ਰੋਜ਼ਾਨਾ ਲੋਕ ਬਾਣੀ

## ਸੂਗਰ ਫ੍ਰੀ ਦੇ ਨਵੇਂ ਕੈਂਪੇਨ 'ਫਿਟਨੈਸ ਦਾ ਪਹਿਲਾ ਕਦਮ ਵਿਚ ਨਜਰ ਆਏਗੀ ਕੈਟਰੀਨਾ ਕੈਫ

**ਅੰਮ੍ਰਿਤਸਰ/ਲੋਕ ਬਾਣੀ**

ਭਾਰਤ ਦਾ ਨੰਬਰ 1 ਘੱਟ ਕੈਲਰੀ ਸਵੀਟਨਰ ਬ੍ਰਾਂਡ, ਜਾਈਡਸ ਵੈਲਨੈਸ ਲਿਮੀਟਡ ਦੇ ਸੂਗਰ ਫ੍ਰੀ ਨੇ ਆਪਣੇ ਨਵੇਂ ਕੈਂਪੇਨ 'ਫਿਟਨੈਸ ਦਾ ਪਹਿਲਾ ਕਦਮ' ਦਾ ਉਦਘਾਟਨ ਕੀਤਾ ਜਿਸ ਵਿੱਚ ਪ੍ਰਸਿੱਧ ਅਭਿਨੇਤਰੀ ਕੈਟਰੀਨਾ ਕੈਫ ਨਜਰ ਆਏਗੀ . ਇਸਦਾ ਟੀਚਾ ਆਪਣੇ ਦਰਸਕਾਂ ਨੂੰ ਇੱਕ ਲਾਈਫਸਟਾਈਲ ਪਰਿਵਰਤਨ ਦੇ ਲਈ ਚੀਨੀ ਦੇ ਬਦਲਾਵ ਵਜੋਂ ਸੂਗਰ ਫ੍ਰੀ ਨੂੰ ਪ੍ਰਯੋਗ ਕਰਨ ਲਈ ਪ੍ਰੇਰਿਤ ਕਰਨਾ ਹੈ. ਇਸ ਕੈਂਪੇਨ ਰਾਹੀਂ ਬ੍ਰਾਂਡ ਦੀ ਸਟੀਵੀਆ ਰੇਂਜ ਸੂਗਰ ਫ੍ਰੀ ਗ੍ਰੀਨ ਦੇ ਬਾਰੇ ਵਿਚ ਜਾਗਰੂਕਤਾ ਫੈਲਾਉਣ ਦੇ ਧਿਆਨ ਫੋਕਸ ਕਰਨਾ ਹੈ . ਇਸ ਅਭਿਆਨ ਬਾਰੇ ਬੋਲਦਿਆਂ ਤਰੁਨ ਅਰੋੜ, ਚੀਫ ਆਪ੍ਰੇਟਿੰਗ ਅਫਸਰ ਅਤੇ ਡਾਇਰੈਕਟਰ-ਜਾਈਡਸ ਵੈਲਨੇਸ ਨੇ ਕਿਹਾ, "ਪਿਛਲੇ ਸਾਲ ਤੋਂ ਅਸੀਂ ਆਪਣੇ ਘੱਟ ਕੈਲੋਰੀ ਵਾਲੇ ਸਵੀਟਨਰ ਦੀ



ਵਿਕਰੀ ਵਿੱਚ ਤੇਜੀ ਦੇਖੀ ਹੈ ਕਿਉਂਕਿ ਹੁਣ ਜਿਆਦਾ ਉਪਭੋਗਤਾ ਲਾਈਫਸਟਾਈਲ ਪਰਿਵਰਤਨ ਕਰ ਰਹੇ ਹਨ ਅਤੇ ਆਪਣੇ ਰੋਜਾਨਾ ਦੇ ਖਾਣੇ ਵਿੱਚ ਚੀਨੀ ਦੇ ਸਿਹਤਮੰਦ ਬਦਲਾਵ ਨੂੰ ਚਾਹੁੰਦੇ ਹਨ ." ਇਸ ਮੌਕੇ ਤੇ ਆਪਣੇ ਵਿਚਾਰ ਪੇਸ ਕਰਦਿਆਂ ਕੈਟਰੀਨਾ ਕੈਫ ਨੇ ਕਿਹਾ, "ਇੱਕ ਫਿਟਨੈਸ ਉਤਸਾਹੀ ਦੇ ਨਾਤੇ ਮੈਂ ਅਨੁਸਾਸਨ ਦੀ ਅਹਿਮੀਅਤ ਜਾਣਦੀ ਹਾਂ; ਖਾਸ ਤੌਰ ਤੇ ਜਦੋਂ ਤੁਹਾਡੇ ਖਾਣ-ਪੀਣ ਦੀ ਗੱਲ ਆਉਂਦੀ ਹੈ . ਮੈਨੂੰ ਸੂਗਰ ਫ੍ਰੀ ਨਾਲ ਹਿੱਸੇਦਾਰੀ ਕਰਕੇ ਬੇਹੱਦ ਖੁਸੀ ਹੋ ਰਹੀ ਹੈ ਜੋ ਕਿ ਇੱਕ ਅਜਿਹਾ ਬ੍ਰਾਂਡ ਹੈ ਜੋ ਸਾਨੂੰ ਸਾਰਿਆਂ ਨੂੰ ਆਪਣੇ ਫਿਟਨੈਸ ਟੀਚੇ ਨੂੰ ਹਾਸਿਲ ਕਰਨ ਅਤੇ ਸੂਗਰ ਤੋਂ ਮਿਲਣ ਵਾਲੀਆਂ ਕੈਲਰੀਆਂ ਨੂੰ ਘੱਟ ਕਰਨ ਵਿੱਚ ਮਦਦ ਕਰਦਾ ਹੈ ." ਇਸ ਹਿੱਸੇਦਾਰੀ ਦੇ ਹਿੱਸੇ ਵਜੋਂ ਕੈਟਰੀਨਾ ਕੈਫ ਪੇਰੇਂਟ ਬ੍ਰਾਂਡ ਸੂਗਰ ਫ੍ਰੀ ਅਤੇ ਇਸਦੀ ਐਕਸਟੈਂਸਨ ਸੂਗਰ ਫ੍ਰੀ ਡੀ'ਲੀਟ ਚੋਕੋਲੇਟਸ ਦਾ ਚਿਹਰਾ ਬਣੇਗੀ ।








# ਅਮ੍ਰਿਤਪਾਲ ਸਿੰਘ ਖਾਲਸਾ ਦਾ ਹਲਕਾ ਧਰਮਕੋਟ ’ਚ ਸਿੱਧੂ ਤੇ ਸੰਗਤਾਂ ਵੱਲੋ ਸਨਮਾਨ

**ਮੋਗਾ/ਦਵਿੰਦਰ ਸਿੰਘ ਬਿੱਟੂ**

ਹਲਕਾ ਧਰਮਕੋਟ ਦੇ ਕਸਬਾ ਕੋਟ ਈਸੇ ਖਾਂ ਚ ਅੱਜ ਆਮ ਆਦਮੀ ਪਾਰਟੀ ਦੇ ਆਗੂ ਜਸਵਿੰਦਰ ਸਿੰਘ ਸਿੱਧੂ ਅਤੇ ਕੋਟ ਈਸੇ ਖਾਂ ਦੀ ਸੰਗਤਾਂ ਵੱਲੋ ਅੱਜ ਸਿੱਧੂ ਨਿਵਾਸ ਤੇ ਕੌਮ ਦੇ ਨਿਧੜਕ ਯੋਧੇ ਅਮ੍ਰਿਤਪਾਲ ਸਿੰਘ ਖਾਲਸਾ ਮਹਿਰੋ ਦਾ ਅੱਜ ਵਿਸ਼ੇਸ ਤੋਰ ਤੇ ਹੁਣ ਤੱਕ ਦੀਆਂ ਕੀਤੀਆਂ ਪ੍ਰਾਪਤੀਆਂ ਨੂੰ ਮੁੱਖ ਰੱਖਕੇ ਵਿਸ਼ੇਸ਼ ਸਨਮਾਨ ਕੀਤਾ ਗਿਆ।ਅਮ੍ਰਿਤਪਾਲ ਸਿੰਘ ਖਾਲਸਾ ਨੇ ਸ੍ਰੀ ਦਰਬਾਰ ਸਾਹਿਬ ਦੇ ਬਾਹਰ ਲਗਾਏ ਨਚਾਰਾਂ ਦੇ ਬੁੱਤ ਹਟਵਾਏ ਸਨ। ਪੰਜਾਬ ਚ ਗੰਦੀਆਂ ਫਿਲਮਾਂ ਬਣਾਉਣ ਵਾਲੇ ਪ੍ਰੋਡਿਊਸਰ ਨੂੰ ਸੋਧਾ ਲਾਇਆ ਸੀ। ਰਾਜਸਥਾਨ ਚ ਇਕ ਸਿਖ ਨਾਲ ਕੁੱਟਮਾਰ ਕਰਕੇ ਦਸਤਾਰ ਦੀ ਬੇਅਦਬੀ ਕਰਨ ਵਾਲੇ ਦੋਸ਼ੀਆਂ ਵਿਰੁੱਧ ਰਾਜਸਥਾਨ ਪੁੱਜਕੇ ਕਾਰਵਾਈ ਕਰਵਾਈ ਅਤੇ ਸਿੱਖ ਦੇ ਪੈਰਾਂ ਚ ਦੋਸ਼ੀਆਂ ਨੂੰ ਬਿਠਾਕੇ ਮੁਆਫੀ ਮੰਗਵਾਈ ਸੀ। ਅੱਜ ਕੋਟ ਈਸੇ ਖਾਂ ਜਸਵਿੰਦਰ ਸਿੰਘ ਸਿੱਧੂ ਦੇ ਸੱਦੇ ਤੇ ਇਕੱਤਰ ਹੋਈ ਸੰਗਤ ਨੇ ਜਿਥੇ ਉਹਨਾ ਦਾ ਸਨਮਾਨ ਕੀਤਾ ਉਥੇ ਇਹ ਵੀ ਵਿਸ਼ਵਾਸ ਦਿਵਾਇਆ ਕਿ ਸਮੁੱਚੀ ਸੰਗਤ ਉਹਨਾ ਦੇ ਨਾਲ ਡਟਕੇ ਖੜੇਗੀ। ਜਸਵਿੰਦਰ ਸਿੰਘ ਸਿੱਧੂ ਨੇ ਕਿਹਾ ਅੱਜ ਕੌਮ ਨੂੰ ਇਸ ਤਰਾਂ ਦੇ ਜੁਝਾਰੂ ਯੋਧਿਆਂ ਦੀ ਲੋੜ ਹੈ।ਉਹਨਾ ਕਿਹਾ ਕਿ ਪ੍ਰੋਡਿਊਸਰ ਨੂੰ ਸੋਧਾ ਲਾਉਣ ਤੇ ਭਾਈ ਅਮ੍ਰਿਤਪਾਲ ਸਿੰਘ ਖਾਲਸਾ ਅਤੇ ਸਾਥੀਆਂ ਤੇ ਤਾਂ ਪੁਲਸ ਨੇ ਪਰਚਾ ਦਰਜ ਕਰ ਦਿੱਤਾ ਪਰ ਜੋ ਇਲਜਾਮ ਪ੍ਰੋਡਿਊਸਰ ਨੇ ਬੇਬੁਨਿਆਦ ਲਗਾਏ ਮਾੜੀ ਸ਼ਬਦਾਵਲੀ ਸਿੰਘ ਪ੍ਰਤੀ ਵਰਤੀ ਉਸ ਤੇ ਭਾਈ ਅਮ੍ਰਿਤਪਾਲ ਸਿੰਘ ਖਾਲਸਾ ਦੀ ਸ਼ਿਕਾਇਤ ਤੇ ਕੋਈ ਕਾਰਵਾਈ ਨਹੀ ਹੋਈ। ਇਸ ਮੋਕੇ ਤੇ ਆਮ ਆਦਮੀ ਪਾਰਟੀ ਦੇ ਜਿਲਾ ਜਨਰਲ ਸਕੱਤਰ ਐਸੀ ਵਿੰਗ ਸੁਰਜੀਤ ਸਿੰਘ ਲੁਹਾਰਾ, ਬੂਟਾ ਸਿੰਘ ਲੋਹਾਰਾ, ਕੌਂਸਲਰ ਗੁਰਪ੍ਰੀਤ ਸਿੰਘ ਸਿੱਧੂ, ਲਖਵਿੰਦਰ ਸਿੰਘ ਬਾਬਾ,ਲਖਵਿੰਦਰ ਸਿੰਘ ਰਾਜਪੂਤ, ਜਰਨੈਲ ਸਿੰਘ ਰਾਜਪੂਤ ਮਨਜੀਤ ਸਿੰਘ ਸਿੱਧੂ,ਗੁਰਦੁਆਰਾ ਕਲਗੀਧਰ ਸਾਹਿਬ ਵੱਲੋ ਅਮਰਜੀਤ ਸਿੰਘ ਸਿੱਧੂ, ਬਾਬਾ ਬਾਜ ਸਿੰਘ, ਅਵਤਾਰ ਸਿੰਘ ਐਫ ਸੀ ਆਈ,ਗੁਰਦੇਵ ਸਿੰਘ ਐਫ ਸੀ ਆਈ, ਹਰਜੀਤ ਸਿੰਘ ਸੁੱਚਾ ਸਿੰਘ, ਰੇਸ਼ਮ ਸਿੰਘ ਨੰਬਰਦਾਰ, ਗੁਰਮੀਤ ਸਿੰਘ ਮੰਘੇੜਾ,ਗੁਰਚਰਨ ਸਿੰਘ ਚੰਨ,ਗੁਰਬਾਜ ਸਿੰਘ, ਲਖਵੀਰ ਸਿੰਘ ਦਾਤੇਵਾਲ, ਸੁਖਦੇਵ ਸਿੰਘ ਸੰਧੂ, ਹਿੰਦ, ਮੰਨਾ ਮਸੀਤਾਂ ਟਿੰਕਾ ਪੁਰਬਾ ਆਦਿ ਸੰਗਤ ਹਾਜ਼ਰ ਸੀ।

# ਉਧੀਪੁਰ ਦਾ ਦੋ ਰੋਜ਼ਾ ਛਿੰਝ ਮੇਲਾ ਢੇਰ ਸਾਰੀਆਂ ਯਾਦਾਂ ਛੱਡ ਕੇ ਹੋਇਆ ਸੰਪੰਨ



**ਦੀਨਾਨਗਰ/ਡਾ.ਰਮੇਸ਼ ਸਰੰਗਲ**

■ ਨੂਰਾਂ ਸਿਸਟਰ ਅਤੇ ਫਨਕਾਰ ਕਲਾਕਾਰ ਆਰ ਨੇਤ ਨੇ ਮੇਲੇ ਚ ਬੰਨਿਆ ਰੰਗ

ਪਿੰਡ ਉਧੀਪੁਰ ਵਿਖੇ ਐਨਆਰਆਈ ਘੁੰਮਣ ਪਰਿਵਾਰ ਵੱਲੋਂ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਪੀਰ ਬਾਬਾ ਮੱਲੇਸ਼ਾਹ ਦੀ ਯਾਦ ’ਚ ਦੋ ਦਿਨਾਂ ਸਾਲਾਨਾ ਮੇਲਾ ਕਰਵਾਇਆ ਗਿਆ। ਜਿਸ ਵਿੱਚ ਮੁੱਖ ਮਹਿਮਾਨ ਵਜੋਂ ਕੈਬਨਿਟ ਮੰਤਰੀ ਪੰਜਾਬ ਸ੍ਰੀਮਤੀ ਅਰੁਨਾ ਚੌਧਰੀ ਜਦਕਿ ਵਿਸ਼ੇਸ਼ ਮਹਿਮਾਨ ਵਜੋਂ ਸੀਨੀਅਰ ਕਾਂਗਰਸ ਨੇਤਾ ਅਸ਼ੋਕ ਚੌਧਰੀ ਸ਼ਾਮਲ ਹੋਏ।ਪਹਿਲੇ ਦਿਨ ਕੱਬਡੀ ਮੁਕਾਬਲੇ ਹੋਏ ਅਤੇ ਫਿਰ ਸੂਫ਼ੀ ਗਾਇਕਾ ਨੂਰਾਂ ਸਿਸਟਰ ਨੇ ਕੱਵਾਲੀਆਂ ਦੀ ਮਹਿਫ਼ਲ ਸਜਾਈ ਜਦਕਿ ਦੂਜੇ ਦਿਨ ਪੰਜਾਬੀ ਗਾਇਕ ਆਰ ਨੇਤ ਨੇ ਸੱਭਿਆਚਾਰਕ ਮੇਲੇ ’ਚ ਰੰਗ ਬੰਨ੍ਹਿਆਂ। ਇਸ ਦੌਰਾਨ ਪ੍ਰਬੰਧਕ ਮੋਂਟੀ ਘੁੰਮਣ, ਸਰਪੰਚ ਸਰਦਾਰ ਸਿੰਘ, ਚੇਅਰਮੈਨ ਮਨਜੀਤ ਸਿੰਘ ਮੰਜ ਅਤੇ ਦਰਬਾਰਾ ਸਿੰਘ ਘੁੰਮਣ ਯੂਐਸਏ ਵੱਲੋਂ ਮੁੱਖ ਮਹਿਮਾਨ ਅਰੁਨਾ ਚੌਧਰੀ ਤੇ ਵਿਸ਼ੇਸ਼ ਮਹਿਮਾਨ ਅਸ਼ੋਕ ਚੌਧਰੀ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਲੱਬੀ ਜਸਰੋਟੀਆ, ਬੱਬਲੂ ਘੁੰਮਣ, ਮਹਿਕ ਘੁੰਮਣ, ਯਾਦ ਮਾਣ, ਸ਼ੇਰ ਸਿੰਘ ਬਸਰਾ, ਰਵੀ ਚਿੱਬ, ਪ੍ਰੋਫੈਸਰ ਪ੍ਰਬੋਧ ਗਰੋਵਰ, ਪ੍ਰੋਫੈਸਰ ਸੁਬੀਰ ਰਗਬੋਤਰਾ, ਕੌਂਸਲਰ ਮਾਸਟਰ ਰਾਮ ਲਾਲ, ਡੀਐਸਪੀ ਰਾਜਬੀਰ ਸਿੰਘ, ਐਸਐਚਓ ਸ਼ਾਮ ਲਾਲ, ਪ੍ਰੋਫੈਸਰ ਮੁਖਵਿੰਦਰ ਸਿੰਘ ਰੰਧਾਵਾ ਅਤੇ ਬਖਸ਼ੀਸ਼ ਸਿੰਘ ਮਕੌੜਾ ਤੋਂ ਇਲਾਵਾ ਪਿੰਡ ਦੇ ਲੋਕ ਹਾਜ਼ਰ ਸਨ।

# ਮਮਦੋਟ ਅੰਦਰ ਅੱਜ ਫੇਰ ਤਿੰਨ ਦੁਕਾਨਾਂ ਦੇ ਸਟਰ ਟੁੱਟੇ ! ਹਫਤੇ ਵਿੱਚ ਦੂਸਰੀ ਵਾਰਦਾਤ

**ਮਮਦੋਟ/ਹਰਪ੍ਰੀਤ ਸਿੰਘ ਹੈਪੀ**

ਸਰਹੱਦੀ ਕਸਬਾ ਮਮਦੋਟ ਦੇ ਅੰਦਰ ਚੋਰੀ ਦੀਆਂ ਵਾਰਦਾਤਾਂ ਚ ਲਗਾਤਾਰ ਵਾਧਾ ਹੋ ਰਿਹਾ ਹੈ ਹਫਤੇ ਦੇ ਵਿਚ ਦੁਕਾਨਾਂ ਦੇ ਸਟਰ ਤੋੜਨ ਦੀ ਦੂਸਰੀ ਵੱਡੀ ਵਾਰਦਾਤ ਅੱਜ ਸਵੇਰੇ ਫੇਰ ਹੋਈ ਹੈ। ਦੁਕਾਨਦਾਰਾਂ ਮਨਜਿੰਦਰ ਸਿੰਘ ਬਾਬਾ ਪ੍ਰਦੀਪ ਕੁਮਾਰ ਭੋਲੇਵਾਸੀਆ ਅਤੇ ਜੋਗਿੰਦਰ ਸਿੰਘ ਨੇ ਦੱਸਿਆ ਕਿ ਰੋਜ਼ਾਨਾ ਦੀ ਤਰ੍ਹਾਂ ਆਪਣੀਆਂ ਦੁਕਾਨਾਂ ਬੰਦ ਕਰ ਕਰ ਕੇ ਘਰ ਚਲੇ ਗਏ ਸਨ ਕਿ ਸਵੇਰੇ ਸੈਰ ਕਰਨ ਵਾਲੇ ਰਾਹਗੀਰਾਂ ਨੇ ਦੱਸਿਆ ਕਿ ਉਨ੍ਹਾਂ ਦੀਆਂ ਦੁਕਾਨਾਂ ਦੇ ਸਟਰ ਟੁੱਟੇ ਹੋਏ ਹਨ ਜਦ ਉਨ੍ਹਾਂ ਨੇ ਦੁਕਾਨਾਂ ਆ ਕੇ ਵੇਖਿਆ ਤਾਂ ਅੰਦਰੋਂ ਸਾਮਾਨ ਗਾਇਬ ਸੀ ਜਿਸ ਦੇ ਨਾਲ ਤਿੰਨਾਂ ਦੁਕਾਨਾਂ ਦਾ ਕਾਫੀ ਨੁਕਸਾਨ ਹੋਇਆ ਹੈ. ਅਣਪਛਾਤੇ ਚੋਰਾਂ ਦੀ ਪਹਿਚਾਣ ਕਰਨ ਦੇ ਲਈ ਅੰਦਰ ਲੱਗੇ ਸੀਸੀਟੀਵੀ ਕੈਮਰਿਆਂ ਨੂੰ ਵੀ ਖੰਗਾਲਿਆ ਜਾ ਰਿਹਾ ਹੈ ਜਿਸ ਚ ਅਣਪਛਾਤੇ ਚੋਰਾਂ ਨੇ ਮੂੰਹ ਬੰਨ੍ਹੇ ਹੋਏ ਹਨ ਅਤੇ ਮੋਟਰਸਾਈਕਲ ਤੇ ਆਉਂਦੇ ਹੋਏ ਦਿਖਾਈ ਦੇ ਰਹੇ ਹਨ ਪੁਲੀਸ ਮੁਲਾਜਮ ਵੀ ਮੌਕੇ ਤੇ ਜਾਇਜਾ ਲੈਣ ਲਈ ਪਹੁੰਚੇ ਹਨ ਦੁਕਾਨਦਾਰ ਵਰਗ ਵਿਚ ਭਾਰੀ ਸਹਿਮ ਪਾਇਆ ਜਾ ਰਿਹਾ ਹੈ ਕਿ ਹਫਤੇ ਦੇ ਵਿੱਚ ਲਗਾਤਾਰ ਦੁਕਾਨਾਂ ਦੇ ਸਟਰ ਟੁੱਟਣ ਨਾਲ ਉਹ ਖੁਦ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ ਉਨ੍ਹਾਂ ਕਿਹਾ ਕਿ ਕੋਰੋਨਾ ਕਾਲ ਦੇ ਕਾਰਨ ਪਹਿਲਾਂ ਹੀ ਕੰਮਕਾਰ ਠੱਪ ਹੋ ਗਏ ਹਨ ਅਤੇ ਅੱਜ ਦੀਆਂ ਤਿੰਨ ਦੁਕਾਨਾਂ ਦੇ ਤਾਲੇ ਟੁੱਟਣ ਦੀ ਵਾਰਦਾਤਾਂ ਨੇ ਉਨ੍ਹਾਂ ਅੰਦਰ ਵੱਡਾ ਸਹਿਮ ਪੈਦਾ ਕਰ ਦਿੱਤਾ ਹੈ ਉੱਧਰ ਥਾਣਾ ਮੁਖੀ ਨੇ ਵੀ ਫੋਨ ਤੇ ਗੱਲਬਾਤ ਕਰਦੇ ਹੋਏ ਕਿਹਾ ਹੈ ਕਿ ਫੋਰੈਂਸਿਕ ਟੀਮ ਨੂੰ ਜਲਦ ਤੋਂ ਜਲਦ ਬੁਲਾਇਆ ਜਾ ਰਿਹਾ ਹੈ।ਪਰ ਇੱਕ ਹਫਤੇ ਦੇ ਅੰਦਰ ਲਗਾਤਾਰ ਚੋਰੀਆਂ ਹੋਣਾ ਮਮਦੋਟ ਪੁਲਸ ਪ੍ਰਸ਼ਾਸਨ ਦੇ ਖ਼ਿਲਾਫ਼ ਵੱਡੇ ਨਿਸ਼ਾਨੇ ਖੜ੍ਹੇ ਕਰਦੀਆਂ ਹਨ ।



# ਰੇਲਵੇ ਸਟੇਸ਼ਨ ਗੁਰਦਾਸਪੁਰ ਦੇ ਪੱਕੇ ਕਿਸਾਨ ਮੋਰਚੇ ਉੱਪਰ ਅੱਜ 262ਵੇਂ ਜਥੇ ਨੇ ਭੁੱਖ ਹੜਤਾਲ ਰੱਖੀ

## *27 ਸਤੰਬਰ ਦੇ ਭਾਰਤ ਬੰਦ ਦੀ ਤਿਆਰੀ ਲਈ ਮੀਟਿੰਗ 14 ਸਤੰਬਰ ਨੂੰ*




**ਗੁਰਦਾਸਪੁਰ/ਲੋਕ ਬਾਣੀ**

ਗੁਰਦਾਸਪੁਰ ਦੇ ਰੇਲਵੇ ਸਟੇਸ਼ਨ ਉੱਪਰ ਚੱਲ ਰਹੇ ਪੱਕੇ ਕਿਸਾਨ ਮੋਰਚੇ ਦੇ 345ਵੇਂ ਦਿਨ ਅੱਜ 262ਵੇਂ ਜਥੇ ਨੇ ਭੁੱਖ ਹੜਤਾਲ ਰੱਖੀ।ਸਾਬਕਾ ਸੈਨਿਕ ਸੰਘਰਸ਼ ਕਮੇਟੀ ਦੇ ,ਹਵਾ.ਮਨਜੀਤ ਸਿੰਘ ਸਲ੍ਹੋਚਾਹਲ ,ਹਵਾ.ਰਣਜੀਤ ਸਿੰਘ ਸੱਲੋ, ਚਾਹਲ ਐੱਸ ਪੀ ਸਿੰਘ ਗੋਸਲ ਸੁਖਦੇਵ ਸਿੰਘ ਖੋਖਰ ਫ਼ੌਜੀ ਸੁਰਜਣ ਸਿੰਘ ਬਾਊਪੁਰ , ਆਦਿ ਨੇ ਇਸ ਵਿੱਚ ਹਿੱਸਾ ਲਿਆ। ਇਸ ਮੌਕੇ ਧਰਨੇ ਨੂੰ ਸੰਬੋਧਨ ਕਰਦਿਆਂ ਐੱਸ ਪੀ ਸਿੰਘ ਗੋਸਲ ਮੱਖਣ ਸਿੰਘ ਕੁਹਾੜ ਗੁਰਦੀਪ ਸਿੰਘ ਮੁਸਤਫ਼ਾਬਾਦ ਰਘਬੀਰ ਸਿੰਘ ਚਾਹਲ ਨਿਰਮਲ ਸਿੰਘ ਬਾਠ ਸੁਖਦੇਵ ਸਿੰਘ ਗੋਸਲ ਮਲਕੀਅਤ ਸਿੰਘ ਬੁੱਢਾ ਕੋਟ ਕੁਲਜੀਤ ਸਿੰਘ ਸਿੱਧਵਾਜਮੀਤਾਂ ,ਨੰਬਰਦਾਰ ਕਰਨੈਲ ਸਿੰਘ ਭੁਲੇਚੱਕ ਹਰਦਿਆਲ ਸਿੰਘ ਸੰਧੂ,ਕੁਲਬੀਰ ਸਿੰਘ ਗੁਰਾਇਆ , ਗੁਰਮੀਤ ਸਿੰਘ ਥਾਣੇਵਾਲ, ਪਲਵਿੰਦਰ ਸਿੰਘ, ਨਰਿੰਦਰ ਸਿੰਘ ਕਾਹਲੋਂ , ਆਦਿ ਬੁਲਾਰਿਆਂ ਨੇ ਦੱਸਿਆ ਕਿ ਸਤਾਈ ਸਤੰਬਰ ਵੀਹ ਸੌ ਇੱਕੀ ਦੇ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ ਭਾਰਤ ਬੰਦ ਦੀਆਂ ਤਿਆਰੀਆਂ ਸਾਰੇ ਦੇਸ਼ ਵਿਚ ਜ਼ੋਰਾਂ ਤੇ ਚੱਲ ਰਹੀਆਂ ਹਨ ।ਪੰਜਾਬ ਭਰ ਵਿਚ ਪਿੰਡ ਪਿੰਡ ਇਸ ਸੰਬੰਧੀ ਮੀਟਿੰਗਾਂ ਕਰਾਈਆਂ ਜਾ ਰਹੀਆਂ ਹਨ ।ਇਸ ਬੰਦ ਨੂੰ ਮੁਕੰਮਲ ਤੌਰ ਤੇ ਸਫ਼ਲ ਕਰਨ ਹਿੱਤ ਜ਼ਿਲ੍ਹਾ ਗੁਰਦਾਸਪੁਰ ਦੀਆਂ ਸੰਯੁਕਤ ਕਿਸਾਨ ਮੋਰਚੇ ਨਾਲ ਸਬੰਧਤ ਕਿਸਾਨ ਜਥੇਬੰਦੀਆਂ ਦੀ ਇਕ ਜ਼ਰੂਰੀ ਮੀਟਿੰਗ 14ਸਤੰਬਰ ਦਿਨ ਮੰਗਲਵਾਰ ਨੂੰ ਬਾਰਾਂ ਵਜੇ ਰੇਲਵੇ ਸਟੇਸ਼ਨ ਤੇ ਰੱਖੀ ਗਈ ਹੈ ।

ਆਗੂਆਂ ਆਖਿਆ ਕਿਇਸ ਵਕਤ ਚੱਲ ਰਿਹਾ ਕਿਸਾਨੀ ਸੰਘਰਸ਼ ਕਿਸਾਨਾਂ ਦਾ ਨਾ ਰਹਿ ਕੇ ਹਿੰਦੋਸਤਾਨ ਦੇ ਲੋਕਾਂ ਦਾ ਯੁੱਧ ਬਣ ਚੁੱਕਾ ਹੈ ਅਤੇ ਇਸ ਨੂੰ ਸਿਰਫ਼ ਭਾਰਤ ਵਿੱਚ ਹੀ ਨਹੀਂ ਸਾਰੇ ਸੰਸਾਰ ਵਿੱਚ ਸਮੂਹ ਲੋਕਾਂ ਦਾ ਸਮਰਥਨ ਮਿਲ ਰਿਹਾ ਹੈ ।ਸਤਾਈ ਸਤੰਬਰ ਦਾ ਭਾਰਤ ਬੰਦ ਇਸ ਇਤਿਹਾਸਕ ਘੋਲ ਨੂੰ ਇਕ ਨਵੀਂ ਦਿਸ਼ਾ ਪ੍ਰਦਾਨ ਕਰੇਗਾ। ਇਸ ਵਕਤ ਦੇਸ਼ ਦੇ ਸਾਰੇ ਕਿਸਾਨ ਮਜ਼ਦੂਰ ਮੁਲਾਜਮ ਬੁੱਧੀਜੀਵੀ ਲੇਖਕ ਤੇ ਹੋਰ ਹਰ ਵਰਗ ਦੇ ਲੋਕ ਧਰਮਾਂ ਜਾਤਾਂ ਮਜ਼੍ਹਬਾਂ ਅਤੇ ਸਿਆਸੀ ਸੋਚਾਂ ਤੋਂ ਉਪਰ ਉੱਠ ਕੇ ਕਾਲੇ ਕਾਨੂੰਨ ਰੱਦ ਕਰਾਉਣ ਅਤੇ ਐੱਮਐੱਸਪੀ ਨੂੰ ਕਾਨੂੰਨੀ ਦਰਜਾ ਦਿਵਾਉਣ ਲਈ ਡਟੇ ਹੋਏ ਹਨ । ਹੁਣ ਇਹ ਸੰਘਰਸ਼ ਮੋਦੀ ਸਰਕਾਰ ਵੱਲੋਂ ਕਾਰਪੋਰੇਟ ਪੱਖੀ ਨੀਤੀਆਂ ਦੇ ਤਹਿਤ ਦੇਸ਼ ਨੂੰ ਵੇਚਣ ਦੀ ਨੀਤੀ ਨੂੰ ਲਾਜ਼ਮੀ ਤੌਰ ਤੇ ਮੋੜਾ ਦੇਵੇਗਾ ।ਇਸ ਕਿਸਾਨ ਮੋਰਚੇ ਨੂੰ ਸਫ਼ਲ ਕਰਨ ਵਾਸਤੇ ਇਕਮੁੱਠ ਹੋ ਕੇ ਸਾਰੇ ਯਤਨ ਕਰਨੇ ਚਾਹੀਦੇ ਹਨ ।ਸੰਯੁਕਤ ਕਿਸਾਨ ਮੋਰਚੇ ਦੇ ਹਰ ਪ੍ਰੋਗਰਾਮ ਨੂੰ ਲਾਗੂ ਕਰਨ ਵਾਸਤੇ ਦੇਸ਼ ਦਾ ਹਰ ਵਰਗ ਸਮਰਥਨ ਦੇ ਰਿਹਾ ਹੈ ਇਸ ਲਈ ਮੋਦੀ ਸਰਕਾਰ ਦੀ ਹਾਰ ਲਾਜਮੀ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਾਪੂ ਮਹਿੰਦਰ ਸਿੰਘ ਲੱਖਣ ਖੁਰਦ, ਦਵਿੰਦਰ ਸਿੰਘ ਖਹਿਰਾ, ਤਰਸੇਮ ਸਿੰਘ ਹਯਾਤਨਗਰ, ਹਰਭਜਨ ਸਿੰਘ ਗੁਰਦਾਸਪੁਰ, ਬਲਵੰਤ ਸਿੰਘ ਗੁਰਦਾਸਪੁਰ ,ਹੀਰਾ ਸਿੰਘ ਸੈਣੀ , ਸੰਤ ਬੁਢਾ ਸਿੰਘ , ਬਾਵਾ ਦਿੱਤਾ , ਆਦਿ ਵੀ ਹਾਜ਼ਰ ਸਨ ।

# ਰਾਜਪੁਰਾ ਦੇ ਪਿੰਡ ਜੰਡੋਲੀ ਵਿੱਚ ਪਟਾਕਾ ਫੈਕਟਰੀ ਵਿੱਚ ਧਮਾਕਾ

**ਰਾਜਪੁਰਾ/ਲੋਕ ਬਾਣੀ**

ਹਲਕਾ ਰਾਜਪੁਰਾ ਦੇ ਪਿੰਡ ਜੰਡੋਲੀ ਦੇ ਬਾਹਰਵਾਰ ਕਲੋਨੀ ਸੰਤ ਨਗਰ ਵਿਚਲੇ ਇੱਕ ਘਰ ਵਿੱਚ ਕਥਿਤ ਤੌਰ ਤੇ ਨਾਬਾਲਗ ਬੱਚਿਆਂ ਵੱਲੋਂ ਬਣਾਏ ਜਾ ਰਹੇ ਪਟਾਕਿਆਂ ਵਿੱਚ ਹੋਏ ਧਮਾਕੇ ਕਾਰਨ ਇੱਕ ਬੱਚੀ (13 ਸਾਲ) ਦੀ ਮੌਕੇ ਤੇ ਮੌਤ ਹੋ ਗਈ ਜਦੋਂ ਕਿ ਤਿੰਨ ਹੋਰ ਬੱਚੇ, ਜਿਨ੍ਹਾਂ ਦੀ ਉਮਰ 5-10 ਸਾਲ ਵਿਚਕਾਰ ਦੱਸੀ ਜਾ ਰਹੀ ਹੈ, ਗੰਭੀਰ ਜਖਮੀ ਹੋ ਗਏ ਹਨ। ਜਖਮੀਆਂ ਦੀ ਨਾਜੁਕ ਹਾਲਤ ਨੂੰ ਦੇਖਦੇ ਹੋਏ ਉਨ੍ਹਾਂ ਨੂੰ ਪਟਿਆਲਾ ਦੇ ਰਾਜਿੰਦਰਾ ਹਸਪਤਾਲ ਵਿਖੇ ਭੇਜਿਆ ਗਿਆ ਹੈ। ਧਮਾਕਾ ਇਨ੍ਹਾਂ ਜਬਰਦਸਤ ਸੀ ਕਿ ਮਕਾਨ ਮਿੰਟਾਂ ਵਿਚ ਹੀ ਮਲਬੇ ਦੇ ਢੇਰ ਵਿੱਚ ਤਬਦੀਲ ਹੋ ਗਿਆ। ਜੰਡੋਲੀ ਪਿੰਡ ਦੇ ਸਰਪੰਚ ਨੇ ਦੱਸਿਆ ਕਿ ਪਿੰਡ ਦੇ ਬਾਹਰਵਾਰ ਬਣੀ ਇਸ ਕਲੋਨੀ ਵਿੱਚ ਬਾਹਰੋਂ ਆਇਆ ਪਰਿਵਾਰ ਰਹਿ ਰਿਹਾ ਸੀ, ਜੋ ਪਟਾਕੇ ਬਣਾਉਂਦਾ ਸੀ। ਅੱਜ ਅਚਾਨਕ ਉਨ੍ਹਾਂ ਨੇ ਜੋਰਦਾਰ ਧਮਾਕੇ ਦੀ ਆਵਾਜ ਸੁਣੀ, ਜਦੋਂ ਉਹ ਸਥਾਨ ਤੇ ਪਹੁੰਚੇ ਤਾਂ ਘਰ ਢਹਿ ਢੇਰੀ ਹੋ ਚੁੱਕਾ ਸੀ ਅਤੇ ਮਲਬੇ ਦੇ ਢੇਰ ਹੇਠਾਂ ਬੱਚੇ ਦੱਬੇ ਹੋਏ ਸਨ, ਜਿਨ੍ਹਾਂ ਨੂੰ ਬਾਹਰ ਕੱਢ ਕੇ ਹਸਪਤਾਲ ਪਹੁੰਚਾਇਆ ਗਿਆ ਹੈ। ਧਮਾਕੇ ਵਾਲੀ ਥਾਂ ਤੇ ਰਾਜਪੁਰਾ ਦੇ ਵਿਧਾਇਕ ਹਰਦਿਆਲ ਸਿੰਘ ਕੰਬੋਜ, ਪਟਿਆਲਾ ਦੇ ਡਿਪਟੀ ਕਮਿਸਨਰ ਕੁਮਾਰ ਅਮਿਤ ਅਤੇ ਐਸਐਸਪੀ ਡਾ. ਸੰਦੀਪ ਗਰਗ ਨੇ ਵੀ ਦੌਰਾ ਕੀਤਾ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਅੱਸਐਸਪੀ ਨੇ ਦੱਸਿਆ ਕਿ ਤਿੰਨੋਂ ਜਖਮੀ ਬੱਚਿਆਂ ਵਿੱਚੋਂ ਇੱਕ ਨੂੰ ਪੀਜੀਆਈ ਤੇ ਦੋ ਨੂੰ ਪਟਿਆਲਾ ਵਿਖੇ ਦਾਖਿਲ ਕੀਤਾ ਗਿਆ ਹੈ।ਉਨ੍ਹਾਂ ਮੰਨਿਆ ਕਿ ਇੱਥੋਂ ਪਟਾਕੇ ਬਣਾਉਣ ਵਾਲੀ ਸਮੱਗਰੀ ਬਰਾਮਦ ਹੋਈ ਹੈ ਤੇ ਇਹ ਕੰਮ ਗੈਰਕਾਨੂੰਨੀ ਤੌਰ ਤੇ ਚੱਲ ਰਿਹਾ ਸੀ ਅਤੇ ਪੁਲਿਸ ਵੱਲੋਂ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।



# ਪੁਰਾਣੇ ਵਰਕਰਾਂ ਨੇ ਬੀਜੇਪੀ ਨੂੰ ਅਲਵਿਦਾ ਕਹਿ ਢਿੱਲੋਂ ਦੀ ਅਗਵਾਈ ਵਿੱਚ ਕਾਂਗਰਸ ਦਾ ਫੜਿਆ ਹੱਥ

**ਜ਼ੀਰਕਪੁਰ/ਰਵੀ ਜੀਰਕਪੁਰ**




ਜ਼ੀਰਕਪੁਰ ਸ਼ਹਿਰ ਵਿੱਚ ਭਾਜਪਾ ਨੂੰ ਉਸ ਸਮੇਂ ਵੱਡਾ ਝਟਕਾ ਲੱਗਿਆ ਜਦੋਂ ਲੋਹਗੜ ਦੇ ਗੋਲਡਨ ਇਨਕਲੇਵ ਵਿੱਚ ਕਾਂਗਰਸੀ ਆਗੂ ਦੀਪਕ ਅਰੋੜਾ ਅਤੇ ਚਰਨਜੀਤ ਸਿੰਘ ਚੰਨੀ ਵੱਲੋਂ ਰੱਖੇ ਇੱਕ ਸਮਾਗਮ ਦੌਰਾਨ ਭਾਜਪਾ ਦੇ ਕਈ ਅਹੁਦੇਦਾਰ ਆਪਣੇ ਸਾਥੀਆਂ ਸਮੇਤ ਦੀਪਇੰਦਰ ਸਿੰਘ ਢਿੱਲੋਂ ਅਤੇ ਨਗਰ ਕੌਂਸਲ ਪ੍ਰਧਾਨ ਉਦੇਵੀਰ ਢਿੱਲੋਂ ਦੀ ਅਗਵਾਈ ਵਿੱਚ ਪਾਰਟੀ ਦੀਆਂ ਵਿਕਾਸਸ਼ੀਲ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਕਾਂਗਰਸ ਵਿੱਚ ਸ਼ਾਮਲ ਹੋ ਗਏ। ਜੋ ਕਿ ਪਿਛਲੇ 10 ਸਾਲ ਤੋਂ ਪਾਰਟੀ ਦੇ ਕਈ ਵੱਖ-ਵੱਖ ਅਹੁਦਿਆਂ ਤੇ ਕੰਮ ਕਰ ਚੁੱਕੇ ਹਨ। ਹਲਕਾ ਇੰਚਾਰਚ ਦੀਪਇੰਦਰ ਢਿੱਲੋਂ ਨੇ ਹਾਲ ਹੀ ਵਿੱਚ ਭਾਜਪਾ ਨੂੰ ਅਲਵਿਦਾ ਕਹਿ ਕੇ ਕਾਂਗਰਸ ਵਿੱਚ ਆਏ ਸੁਸ਼ਾਂਕ ਦੁੱਗਲ ਦੀ ਹਾਜਰੀ ਵਿੱਚ ਬ੍ਰਿਜੇਸ਼, ਫ਼ਰਮਾਨ ਖਾਨ, ਰਾਮ ਜੀ ਰਾਮ, ਗੋਲਡੀ, ਦੀਪ, ਪ੍ਰਿੰਸ, ਵਿਕਾਸ, ਗੋਲੂ, ਵੈਭਵ, ਅਨਿਕੇਤ, ਰੋਹਿਤ, ਗੌਰਵ, ਸੋਫੀਆ, ਹਰਸ਼ਿਤਾ ਬਲਵਿੰਦਰ, ਪ੍ਰਵੀਨ, ਰਵੀ, ਸੰਨੀ ਸਮੇਤ 3 ਦਰਜਣ ਦੇ ਕਰੀਬ ਭਾਜਪਾ ਵਰਕਰਾਂ ਨੂੰ ਕਾਂਗਰਸ ਪਾਰਟੀ ਵਿੱਚ ਸ਼ਾਮਿਲ ਕਰਵਾਇਆ। ਭਾਜਪਾ ਨੂੰ ਅਲਵਿਦਾ ਕਹਿ ਕਾਂਗਰਸ ਵਿਚ ਸਾਹਮ ਹੋਣ ਵਾਲੇ ਦੀਪਕ ਅਰੋੜਾ ਅਤੇ ਉਨ ਾਂ ਦੇ ਸਾਥੀਆਂ ਨੇ ਕਿਹਾ ਕਿ ਖੇਤੀ ਕਾਨੂੰਨਾਂ ਨੂੰ ਮੁੱਖ ਰੱਖਦਿਆਂ ਉਨ ਾਂ ਵੱਲੋਂ ਪਾਰਟੀ ਨੂੰ ਅਲਵਿਦਾ ਆਖਿਆ ਗਿਆ ਹੈ, ਕਿਉਂਕਿ ਜੇਕਰ ਅੱਜ ਕੇਂਦਰ ਸਰਕਾਰ ਕਾਰਨ ਦੇਸ਼ ਦਾ ਅੰਨਦਾਤਾ ਕਿਸਾਨ ਹੀ ਸੜਕਾਂ 'ਤੇ ਹੈ ਤਾਂ ਅਸੀ ਅਜਿਹੀ ਪਾਰਟੀ ਨਾਲੋਂ ਆਪਣਾ ਨਾਤਾ ਤੋੜ ਰਹੇ ਹਨ। ਮੌਕੇ "ਤੇ ਨਵੇਂ ਸ਼ਾਮਲ ਹੋਏ ਆਗੂਆਂ ਨੇ ਕਿਹਾ ਕਿ ਉਹ ਕਾਂਗਰਸ ਪਾਰਟੀ ਦੀਆਂ ਨੀਤੀਆਂ ਅਤੇ ਦੀਪਇੰਦਰ ਸਿੰਘ ਢਿੱਲੋਂ ਅਤੇ ਨਗਰ ਕੌਂਸਲ ਜ਼ੀਰਕਪੁਰ ਦੇ ਪ੍ਰਧਾਨ ਉਦੇਵੀਰ ਸਿੰਘ ਢਿੱਲੋਂ ਦੁਆਰਾ ਜ਼ੀਰਕਪੁਰ ਸ਼ਹਿਰ ਸਮੇਤ ਹਲਕਾ ਡੇਰਾਬਸੀ ਦੇ ਵੱਡੇ ਪੱਧਰ "ਤੇ ਕੀਤੇ ਜਾ ਰਹੇ ਵਿਕਾਸ ਕਾਰਜਾਂ ਤੋਂ ਪ੍ਰਭਾਵਿਤ ਹੋ ਕੇ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਏ ਹਨ।ਆਪਣੇ ਸੰਬੋਧਨ ਵਿੱਚ ਦੀਪਇੰਦਰ ਸਿੰਘ ਢਿੱਲੋਂ ਨੇ ਕਿਹਾ ਕਿ ਅੱਜ ਭਾਜਪਾ ਖਿਲਾਫ਼ ਜਿੱਥੇ ਪੂਰੇ ਦੇਸ਼ ਅੰਦਰ ਗੁੱਸਾ ਹੈ, ਉਥੇ ਹੀ ਵਿਦੇਸ਼ਾਂ ਅੰਦਰ ਵੀ ਭਾਜਪਾ ਖਿਲਾਫ਼ ਪ੍ਰਦਰਸ਼ਨ ਹੋ ਰਹੇ ਹਨ।ਕਾਂਗਰਸ ਵਿੱਚ ਸ਼ਾਮਲ ਹੋਏ ਇਨ ਾਂ ਆਗੂਆਂ ਦਾ ਸਨਮਾਨ ਕਰਦੇ ਹੋਏ ਦੀਪਇੰਦਰ ਸਿੰਘ ਢਿੱਲੋਂ ਨੇ ਕਿਹਾ ਇਨ ਾਂ ਨੂੰ ਪਾਰਟੀ ਵਿੱਚ ਬਣਦਾ ਮਾਣ ਸਨਮਾਨ ਦਿੱਤਾ ਜਾਵੇਗਾ। ਢਿਲੋਂ ਨੇ ਕਿਹਾ ਕਿ ਜੋ ਕੰਮ ਪਿਛਲੀ ਅਕਾਲੀ ਭਾਜਪਾ ਦੇ ਦਸ ਸਾਲਾਂ ਵਿੱਚ ਨਹੀਂ ਹੋਏ ਉਹ ਪੰਜ ਸਾਲਾਂ ਵਿੱਚ ਕਰਕੇ ਦਿਖਾਉਣਗੇ। ਜੋ ਬੁਨਿਆਦੀ ਸਹੂਲਤਾਵਾਂ ਤੋਂ ਸਹਿਰ ਵਾਸੀ ਵਾਂਝੇ ਹਨ ਉਹਨਾਂ ਨੂੰ ਉਹ ਸਾਰੀ ਸਹੂਲਾਤਵਾਂ ਦਿੱਤੀਆਂ ਜਾਣਗੀਆਂ। ਉਨ ਾਂ ਕਿਹਾ ਕਿ ਉਹ ਪੁੱਛਣਾ ਚਾਹੁੰਦੇ ਹਨ ਕਿ ਦਸ ਸਾਲ ਅਕਾਲੀ ਭਾਜਪਾ ਦੇ ਸਰਕਾਰ ਰਹੀ ਅਤੇ ਪੰਜ ਸਾਲ ਨਗਰ ਕੌਂਸਲ ਦੇ ਪ੍ਰਧਾਨ ਵੀ ਰਹੇ, ਲੇਕਿਨ ਉਨ ਾਂ ਸਹਿਰ ਦੇ ਵਿਕਾਸ ਦੀ ਥਾਂ ਤੇ ਆਪਣਾ ਖੂਬ ਵਿਕਾਸ ਕੀਤਾ ਹੈ। ਇਸ ਮੌਕੇ ਦੀਪਇੰਦਰ ਢਿੱਲੋਂ ਨੇ 17 ਸਤੰਬਰ ਨੂੰ ਡੇਰਾਬਸੀ ਵਿਖੇ 47 ਸਾਲਾ ਬਾਅਦ ਕਰਵਾਏ ਜਾ ਰਹੇ ਰਾਮ ਤਲਾਈ ਦੇ ਨਿਰਮਾਣ ਦੇ ਸੰਬਧੀ ਜ਼ੀਰਕਪੁਰ ਵਾਸੀਆਂ ਨੂੰ ਸ਼ਾਮਲ ਹੋਣ ਦਾ ਸੱਦਾ ਦਿੱਤਾ ਜਿਸ ਵਿੱਚ ਪਟਿਆਲਾ ਲੋਕਸਭਾ ਦੀ ਸਾਂਸਦ ਮਹਾਰਾਣੀ ਪਰਨੀਤ ਕੌਰ ਬਤੌਰ ਮੁੱਖ ਮਹਿਮਾਨ ਪਹੁੰਚ ਰਹੇ ਹਨ। ਇਸ ਮੌਕੇ ਵਸਨੀਕਾਂ ਅਤੇ ਪਾਰਟੀ ਦੇ ਨੁਮਾਇੰਦਿਆਂ ਨੇ ਇਥੇ ਪੁੱਜੇ ਦੀਪਇੰਦਰ ਸਿੰਘ ਢਿਲੋਂ ਨੂੰ ਸਿਰੋਪਾ? ਭੇਂਟ ਕਰ ਸਨਮਾਨਿਤ ਕਰਦਿਆਂ ਧੰਨਵਾਦ ਵੀ ਕੀਤਾ।

# ਪਿੰਡ ਥੰਮਣ ਵਿੱਚ ਘਰ-ਘਰ ਅੰਦਰ ਧਰਮਸਾਲ ਪ੍ਰਚਾਰ ਲਹਿਰ ਤਹਿਤ ਸਮਾਗਮ ਅਰੰਭ

**ਗੁਰਦਾਸਪੁਰ-ਨਵਨੀਤ ਕੁਮਾਰ/ਮੰਗੋਤਰਾ ਸਾਬ**

ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਵੱਲੋਂ ਪ੍ਰਧਾਨ ਬੀਬੀ ਜਗੀਰ ਕੌਰ ਦੀ ਅਗਵਾਈ ਵਿੱਚ ਅਤੇ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਲਕਾ ਧਾਰੀਵਾਲ ਬੀਬੀ ਜਸਬੀਰ ਕੌਰ ਜਫਰਵਾਲ ਦੇ ਸਹਿਯੋਗ ਨਾਲ ਪਿੰਡ ਥੰਮਣ ਵਿਖੇ ਘਰ-ਘਰ ਅੰਦਰ ਧਰਮਸਾਲ ਧਰਮ ਪ੍ਰਚਾਰ ਲਹਿਰ ਤਹਿਤ ਗੁਰਮਤਿ ਸਮਾਗਮ ਅਰੰਭ ਕੀਤੇ ਗਏ ਹਨ, ਜੋ ਕਿ 9 ਸਤੰਬਰ ਤੋਂ 15 ਸਤੰਬਰ ਤੱਕ ਚੱਲਣਗੇ ।ਇਹ ਜਾਣਕਾਰੀ ਭਾਈ ਗੁਰਨਾਮ ਸਿੰਘ ਵੱਲੋਂ ਦਿੰਦੇ ਹੋਏ ਦੱਸਿਆ ਕਿ ਸਮਾਗਮ ਵਿੱਚ ਰੋਜਾਨਾਂ ਅੰਮ੍ਰਿ ਵੇਲੇ ਪ੍ਰਚਾਰਕ ਵੱਲੋਂ ਹਾਜ਼ਰੀ ਭਰੀ ਜਾਂਦੀ ਹੈ , ਜਿਸ ਵਿੱਚ ਸੰਗਤਾਂ ਨੂੰ ਗੁਰਬਾਣੀ ਅਤੇ ਸਿੱਖ ਇਤਿਹਾਸ ਨਾਲ ਜੋੜਿਆ ਜਾਂਦਾ ਹੈ । ਦੁਪਿਹਰ ਸਮੇਂ ਗੁਰਦੁਆਰਾ ਸਾਹਿਬ ਭਾਈ ਰਾਜ ਸਿੰਘ ਗ੍ਰੰਥੀ ਸਿੰਘ ਵੱਲੋਂ ਗੁਰਬਾਣੀ ਕੰਠ ਨਾਲ ਸੰਗਤਾਂ ਨੂੰ ਕਰਵਾਈ ਜਾਂਦੀ ਹੈ ।ਸਾਮ ਨੂੰ ਢਾਡੀ ਜਥਾ ਜਰਨੈਲ ਸਿੰਘ ਹਾਜ਼ਰੀ ਭਰਦੇ ਹਨ ।16 ਸਤੰਬਰ ਨੂੰ ਸਿੱਖ ਇਤਿਹਾਸ ਨਾਲ ਸਬੰਧਤ ਲਿਟ੍ਰੇਚਰ ਵੰਡਿਆ ਜਾਵੇਗਾ,ਜੋ ਧਰਮ ਪ੍ਰਚਾਰ ਕਮੇਟੀ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਵੱਲੋਂ ਭੇਟਾਂ ਰਹਿਤ ਹੋਵੇਗਾ । ਇਸ ਸਮੇਂ ਅੰਮ੍ਰਿ ਸੰਚਾਰ ਵੀ ਕੀਤਾ ਜਾਵੇਗਾ। ਇਸ ਸਮੇਂ ਗੁਰਨਾਮ ਸਿੰਘ,ਲਖਬੀਰ ਸਿੰਘ ਪ੍ਰਚਾਰਕ,ਪ੍ਰਧਾਨ ਮਹਿੰਦਰ ਸਿੰਘ,ਖਜਾਨਚੀ ਦਿਆਲ ਸਿੰਘ,ਸਕੱਤਰ ਅਜੀਤ ਸਿੰਘ,ਮੈਂਬਰ ਸਰਦੂਲ ਸਿੰਘ,ਮੈਂਬਰ ਦਰਸ਼ਨ ਸਿੰਘ,ਬਲਜਿੰਦਰ ਸਿੰਘ,ਮਲਕੀਤ ਸਿੰਘ ਆਦਿ ਹਾਜ਼ਰ ਸਨ।



# ਹਰਿਆਣਾ ਵਿਚ ਐੱਸ ਟੀ ਐੱਫ ਸਿੱਖ ਨੌਜਵਾਨਾਂ ਨੂੰ ਪਰੇਸ਼ਾਨ ਕਰਨਾ ਤੁਰੰਤ ਕਰੇ ਬੰਦ : ਜਥੇਦਾਰ ਦਾਦੂਵਾਲ

**ਤਲਵੰਡੀ ਸਾਬੋ/ਗੁਰਜੰਟ ਸਿੰਘ ਨਥੇਹਾ**

ਹਰਿਆਣਾ ਦੀ ਸਪੈਸ਼ਲ ਟਾਸਕ ਫੋਰਸ ਕਈ ਸਿੱਖ ਆਗੂਆਂ ਦੇ ਘਰਾਂ ਵਿੱਚ ਜਾਕੇ ਜਾਂਚ ਪੜਤਾਲ ਦੇ ਨਾਮ ਉੱਪਰ ਦਹਿਸਤ ਦਾ ਮਹੌਲ ਪੈਦਾ ਕਰ ਰਹੀ ਹੈ ਜਿਸ ਵਿੱਚ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਦੇ ਘਰਾਂ ਵਿੱਚ ਵੀ ਜਾ ਕੇ ਜਾਂਚ ਪੜਤਾਲ ਕੀਤੀ ਗਈ ਹੈ ਜਿਸ ਨਾਲ ਦਹਿਸ਼ਤ ਦਾ ਮਾਹੌਲ ਪੈਦਾ ਹੋ ਰਿਹਾ ਹੈ ਸਿੱਖ ਨੌਜਵਾਨਾਂ ਦੇ ਘਰਾਂ ਵਿੱਚ ਜਾ ਕੇ ਜਾਂਚ ਪੜਤਾਲ ਦੇ ਨਾਂ ਤੇ ਦਹਿਸ਼ਤ ਪੈਦਾ ਕਰਨ ਦੇ ਮਾਹੌਲ ਨੂੰ ਹਰਿਆਣਾ ਸਰਕਾਰ ਤੁਰੰਤ ਬੰਦ ਕਰੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਪ੍ਰਧਾਨ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਕ ਪ੍ਰੈੱਸਨੋਟ ਜਾਰੀ ਕਰਦਿਆਂ ਮੀਡੀਆ ਨਾਲ ਕੀਤਾ ਉਨ੍ਹਾਂ ਕਿਹਾ ਸਾਨੂੰ ਪਤਾ ਲੱਗਾ ਹੈ ਕਿ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸ. ਕਰਨੈਲ ਸਿੰਘ ਨਿੰਮਨਾਬਾਦ, ਸ. ਗੁਰਚਰਨ ਸਿੰਘ ਚੀਮੋਂ ਅਤੇ ਸ. ਸਤਪਾਲ ਸਿੰਘ ਰਾਮਗੜ੍ਹੀਆ ਦੋਵੇਂ ਕਾਰਜਕਰਨੀ ਮੈਂਬਰ ਹਰਿਆਣਾ ਕਮੇਟੀ, ਕਥਾਵਾਚਕ ਗਿਆਨੀ ਤੇਜਪਾਲ ਸਿੰਘ ਮੀਰਾਂਪੁਰ ਕੁਰੁਕਸ਼ੇਤਰ, ਸ. ਖਜਾਨ ਸਿੰਘ ਗੁਹਲਾ ਚੀਕਾ ਦੇ ਘਰਾਂ ਵਿੱਚ ਸਪੈਸ਼ਲ ਟਾਸਕ ਫੋਰਸ ਵੱਲੋਂ ਜਾ ਕੇ ਕਾਫ਼ੀ ਲੰਬੀ ਪੁੱਛ ਪੜਤਾਲ ਕੀਤੀ ਗਈ ਹੈ ਅਤੇ ਹੋਰ ਵੀ ਬਹੁਤ ਸਾਰੇ ਨੌਜਵਾਨਾਂ ਦੀਆਂ ਲਿਸਟਾਂ ਲੈ ਕੇ ਸਪੈਸ਼ਲ ਟਾਸਕ ਫੋਰਸ ਘਰਾਂ ਵਿੱਚ ਘੁੰਮ ਰਹੀ ਹੈ ਜਿਸ ਨਾਲ ਸਾਰੇ ਹਰਿਆਣੇ ਦੇ ਵਿਚ ਬੜਾ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ ਹੈ। ਜਥੇਦਾਰ ਦਾਦੂਵਾਲ ਨੇ ਕਿਹਾ ਕਿ ਹਰਿਆਣਾ ਸਰਕਾਰ ਸਪੈਸ਼ਲ ਟਾਸਕ ਫੋਰਸ ਨੂੰ ਇਸ ਕਾਰਵਾਈ ਤੋਂ ਤੁਰੰਤ ਰੋਕੇ ਕਿਉਂਕਿ ਇਨ੍ਹਾਂ ਅਹੁਦੇਦਾਰਾਂ ਸਿੱਖ ਨੌਜਵਾਨਾਂ ਦਾ ਦੇਸ਼ ਵਿਰੋਧੀ ਗੈਰਕਾਨੂੰਨੀ ਕਾਰਵਾਈ ਵਿਚ ਕਿਸੇ ਤਰ੍ਹਾਂ ਦਾ ਵੀ ਦੀ ਹਿੱਸੇਦਾਰੀ ਨਹੀ ਹੈ ਫਿਰ ਵੀ ਇਨ੍ਹਾਂ ਨੂੰ ਜਾਂਚ ਪੜਤਾਲ ਦੇ ਨਾਂ 'ਤੇ ਪਰੇਸ਼ਾਨ ਕੀਤਾ ਜਾ ਰਿਹਾ ਹੈ ਜੋ ਚਿੰਤਾ ਦਾ ਵਿਸ਼ਾ ਹੈ। ਜਥੇਦਾਰ ਦਾਦੂਵਾਲ ਨੇ ਕਿਹਾ ਕਿ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਇਨ੍ਹਾਂ ਸਾਰੇ ਸਿੱਖ ਆਗੂਆਂ ਨੌਜਵਾਨਾਂ ਦੇ ਨਾਲ ਲੋਹੇ ਦੀ ਚਟਾਨ ਵਾਂਗ ਖੜੀ ਹੈ ਤੇ ਇਨ੍ਹਾਂ ਸਿੱਖਾਂ ਦੇ ਉੱਪਰ ਕੀਤੀ ਕਿਸੇ ਤਰ੍ਹਾਂ ਦੀ ਵੀ ਧੱਕੇਸ਼ਾਹੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।



ਅਦਾਰਾ 'ਲੋਕ ਬਾਣੀ' ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ/ਪੁਸ਼ਟੀ ਕਰ ਲੈਣ। -ਸੰਪਾਦਕ

Daily Lok Bani (Punjabi) R.N.I. Punpun 29016/2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) / Contect No. : 0181-2211009, Fax : 2211009 / Email Id : lokbani08@gmail.com / Webside : lokbani.com

# ਆਪਣੇ ਚੋਣ ਸਿੰਬਲ 'ਝਾੜੂ' ਵਾਂਗ ਤਿਣਕਾ-ਤਿਣਕਾ ਹੋ ਕੇ ਬਿਖਰ ਜਾਵੇਗੀ ਆਪ ਪਾਰਟੀ : ਮਨੀਸ਼ ਸੋਨੀ

**ਸੁਨਾਮ ਊਧਮ ਸਿੰਘ ਵਾਲਾ/ਵਰਮਾ**



ਸੂਬੇ ਵਿੱਚ 2022 ਵਿੱਚ ਹੋਣ ਜਾ ਰਹੀਆਂ ਵਿਧਾਨ ਸਭਾ ਚੋਣਾਂ ਦੌਰਾਨ ਪੰਜਾਬ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੀ ਸੁਚੱਜੀ ਰਣਨੀਤੀ ਅਤੇ ਕੈਪਟਨ ਅਮਰਿੰਦਰ ਸਿੰਘ ਵੱਲੋਂ ਸੂਬੇ ਦੇ ਮੁੱਖ ਮੰਤਰੀ ਵਜੋਂ ਕਰਵਾਏ ਗਏ ਕੰਮਾਂ ਕਾਰਨ ਸੂਬੇ ਦੇ ਲੋਕ ਦੁਬਾਰਾ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਕਾਂਗਰਸ ਨੂੰ ਸੱਤਾ ਵਿੱਚ ਲਿਆਉਣ ਲਈ ਤਿਆਰ-ਬਰ-ਤਿਆਰ ਬੈਠੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਮਾਰਕੀਟ ਕਮੇਟੀ ਸੁਨਾਮ ਦੇ ਚੇਅਰਮੈਨ ਮਨੀਸ਼ ਸੋਨੀ ਨੇ ਵਿਸ਼ੇਸ਼ ਗੱਲਬਾਤ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਚੋਣਾਂ ਦੌਰਾਨ ਕਾਂਗਰਸ ਵੱਡੀ ਜਿੱਤ ਹਾਸਲ ਕਰੇਗੀ ਅਤੇ ਹੋਰ ਕਿਸੇ ਵੀ ਰਾਜਨੀਤਕ ਪਾਰਟੀ ਦੇ ਉਮੀਦਵਾਰ ਕਾਂਗਰਸੀ ਉਮੀਦਵਾਰਾਂ ਦਾ ਸਾਹਮਣਾ ਨਹੀਂ ਕਰ ਸਕਣਗੇ। ਆਪ ਪਾਰਟੀ ਵੱਲੋਂ ਸੂਬੇ ਵਿੱਚ ਚੋਣਾਂ ਦੌਰਾਨ ਵੱਡੀ ਜਿੱਤ ਹਾਸਲ ਕਰਨ ਦੇ ਕੀਤੇ ਜਾ ਰਹੇ ਦਾਅਵਿਆਂ ਸਬੰਧੀ ਕੀਤੇ ਗਏ ਸਵਾਲ ਦਾ ਜਵਾਬ ਦਿੰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਵਿੱਚ 117 ਵਿਧਾਨ ਸਭਾ ਸੀਟਾਂ ਹਨ। ਪਰ ਆਪ ਪਾਰਟੀ ਕੋਲ 117 ਸੀਟਾਂ ਤੇ ਖੜ੍ਹੇ ਕਰਨ ਲਈ ਪੂਰੇ ਉਮੀਦਵਾਰ ਤੱਕ ਨਹੀਂ ਹਨ। ਆਪ ਪਾਰਟੀ ਸਿਰਫ ਆਪਣੇ ਪ੍ਰਧਾਨ ਦੀ ਜਿੱਤ ਨੂੰ ਯਕੀਨੀ ਮੰਨ ਕੇ ਪੰਜਾਬ ਵਿੱਚ ਸਰਕਾਰ ਬਣਾਉਣ ਦੇ ਸੁਪਨੇ ਲੈ ਰਹੀ ਹੈ। ਆਮ ਆਦਮੀ ਪਾਰਟੀ ਦੇ ਲੀਡਰਾਂ ਅਤੇ ਵਰਕਰਾਂ ਨੂੰ ਘੱਟੋ ਘੱਟ ਇੰਨੀ ਰਾਜਨੀਤਕ ਸਮਝ ਜ਼ਰੂਰ ਹੋਣੀ ਚਾਹੀਦੀ ਹੈ ਕਿ ਸਿਰਫ ਇੱਕ ਸੀਟ ਜਿੱਤਣ ਨਾਲ ਸਰਕਾਰ ਨਹੀਂ ਬਣਾਈ ਜਾ ਸਕਦੀ। ਉਹ ਵੀ ਅਜਿਹੇ ਹਾਲਾਤਾਂ ਵਿੱਚ ਜਦੋਂ ਉਨ੍ਹਾਂ ਦੇ ਪਾਰਟੀ ਪ੍ਰਧਾਨ ਦੀ ਜਿੱਤ ਵੀ ਸ਼ੱਕੀ ਹੋਵੇ।

ਸੋਨੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਪ੍ਰਧਾਨ ਸਮੇਤ ਹੋਰ ਆਗੂ ਅਤੇ ਵਰਕਰ ਵੀ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨਾਲ ਰੁੱਸ ਕੇ ਆਪੋ-ਆਪਣੇ ਘਰਾਂ ਵਿੱਚ ਬੈਠੇ ਹਨ ਉਨ੍ਹਾਂ ਕਿਹਾ ਕਿ ਲੜਾਈ ਦੌਰਾਨ ਜਿਸ ਰਾਜੇ ਦਾ ਸੈਨਾਪਤੀ ਅਤੇ ਸੈਨਾ ਰਾਜੇ ਨਾਲ ਰੁੱਸ ਕੇ ਆਪੋ-ਆਪਣੇ ਘਰਾਂ ਵਿੱਚ ਬੈਠੀ ਹੋਵੇ ਉਹ ਕਿਸ ਤਰ੍ਹਾਂ ਜਿੱਤ ਦਾ ਸੁਪਨਾ ਲੈ ਸਕਦੇ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਲੀਡਰ ਅਤੇ ਵਰਕਰ ਸੱਤਾ ਹਾਸਲ ਕਰਨ ਦੇ ਸ਼ੇਖ ਚਿੱਲੀ ਵਾਂਗ ਸੁਪਨੇ ਲੈ ਰਹੇ ਹਨ। ਜੋ ਕਿ ਕਦੇ ਵੀ ਸੱਚ ਨਹੀਂ ਹੋਣਗੇ। ਉਨ੍ਹਾਂ ਕਿਹਾ ਕਿ ਦਿੱਲੀ ਦੇ ਲੋਕ ਵੀ ਆਮ ਆਦਮੀ ਪਾਰਟੀ ਨੂੰ ਸੱਤਾ ਸੌਂਪ ਕੇ ਪਛਤਾ ਰਹੇ ਹਨ। ਸੋਨੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਲੱਗਭਗ ਸਾਰੇ ਲੀਡਰ ਅਜਿਹੇ ਹਨ ਜੋ ਆਪਣੇ-ਆਪ ਨੂੰ ਮੁੱਖ ਮੰਤਰੀ ਦਾ ਚਿਹਰਾ ਸਾਬਤ ਕਰਨਾ ਚਾਹੁੰਦੇ ਹਨ। ਆਪਣੀਆਂ ਅਜਿਹੀਆਂ ਉੱਚ ਰਾਜਨੀਤਕ ਇੱਛਾਵਾਂ ਕਾਰਨ ਆਮ ਆਦਮੀ ਪਾਰਟੀ ਵਿੱਚ ਬੁਰੀ ਤਰ੍ਹਾਂ ਫੁੱਟ ਪੈ ਚੁੱਕੀ ਹੈ ਅਤੇ ਇਸ ਫੁੱਟ ਤੋਂ ਪ੍ਰੇਸ਼ਾਨ ਤੇ ਨਿਰਾਸ਼ ਹੋ ਕੇ ਆਪ ਆਗੂ ਅਤੇ ਵਰਕਰ ਆਪੋ-ਆਪਣੇ ਘਰਾਂ ਵਿੱਚ ਬੈਠਣਾ ਬਿਹਤਰ ਸਮਝ ਰਹੇ ਹਨ। ਉਨ੍ਹਾਂ ਕਿਹਾ ਕਿ ਕੁਝ ਸਮਾਂ ਹੋਰ ਇੰਤਜਾਰ ਕਰਨ ਦੀ ਜਰੂਰਤ ਹੈ, ਆਮ ਆਦਮੀ ਪਾਰਟੀ ਆਪਣੇ ਚੋਣ ਸਿੰਬਲ ਝਾੜੂ ਵਾਂਗ ਤਿਣਕਾ-ਤਿਣਕਾ ਹੋ ਕੇ ਬਿਖਰ ਜਾਵੇਗੀ।

# ਸ਼ੈਲਰ ਐਸੋਸੀਏਸ਼ਨ ਦੀ ਦੂਜੀ ਧਿਰ ਨੇ ਚੁਣਿਆ ਚਰਨਜੀਤ ਸ਼ਰਮਾ ਨੂੰ ਪ੍ਰਧਾਨ



**ਲਹਿਰਾਗਾਗਾ/ਵਰਮਾ**

ਸਥਾਨਕ ਸ਼ਹਿਰ ਨਾਲ ਸਬੰਧਤ 5 ਦਰਜਨ ਦੇ ਕਰੀਬ ਸ਼ੈਲਰ ਮਾਲਕਾਂ ਦੀ ਐਸੋਸੀਏਸ਼ਨ ਉਸ ਵੇਲੇ ਦੋਫਾੜ ਹੋ ਗਈ, ਜਦੋਂ ਦੂਜੀ ਧਿਰ ਨੇ ਦੋ ਦਿਨਾਂ ਬਾਅਦ ਹੀ ਦੂਜਾ ਪ੍ਰਧਾਨ ਚੁਣ ਲਿਆ। ਜ਼ਿਕਰਯੋਗ ਹੈ ਕਿ ਇਸੇ 8 ਸਤੰਬਰ ਨੂੰ ਸ਼ੈਲਰ ਐਸੋਸੀਏਸ਼ਨ ਦੀ ਮੀਟਿੰਗ ਵਿੱਚ ਕਸ਼ਮੀਰਾ ਸਿੰਘ ਨੂੰ ਪ੍ਰਧਾਨ ਚੁਣਿਆ ਗਿਆ ਸੀ। ਜਿਸ ਵਿੱਚ ਮੋਹਤਬਰ ਵਿਅਕਤੀਆਂ ਨੇ 59 ਸ਼ੈੱਲਰਾਂ ਵਿੱਚੋਂ 51 ਸ਼ੈੱਲਰ ਮਾਲਕ ਹਾਜਰ ਹੋਣ ਦਾ ਦਾਅਵਾ ਕੀਤਾ ਸੀ। ਪਰ ਅੱਜ ਸੌਰਵ ਕੰਪਲੈਕਸ ਲਹਿਰਾਗਾਗਾ ਵਿਖੇ ਸ਼ੈਲਰ ਮਾਲਕਾਂ ਦੇ ਹੋਏ ਇਕੱਠ ਵਿੱਚ ਪਿਛਲੇ ਕਈ ਸਾਲਾਂ ਤੋਂ ਪ੍ਰਧਾਨ ਬਣਦੇ ਆ ਰਹੇ ਚਰਨਜੀਤ ਸ਼ਰਮਾ ਨੂੰ ਦੁਬਾਰਾ ਪ੍ਰਧਾਨ ਚੁਣ ਲਿਆ ਗਿਆ।

ਇਸ ਮੌਕੇ ਪ੍ਰਸਿੱਧ ਉਦਯੋਗਪਤੀ ਅਤੇ ਲਹਿਰਾ ਵਿਕਾਸ ਮੰਚ ਦੇ ਕਨਵੀਨਰ ਵਰਿੰਦਰ ਗੋਇਲ ਐਡਵੋਕੇਟ ਨੇ ਕਿਹਾ ਕਿ 40 ਸਾਲਾਂ ਤੋਂ ਸ਼ੈਲਰ ਐਸੋਸੀਏਸ਼ਨ ਦੀ ਇਹ ਪਰੰਪਰਾ ਹੈ ਕਿ ਪਿਛਲਾ ਪ੍ਰਧਾਨ ਮੀਟਿੰਗ ਬੁਲਾ ਕੇ ਲੇਖਾ-ਜੋਖਾ ਦਿੰਦਾ ਹੈ ਅਤੇ ਅਗਲੇ ਪ੍ਰਧਾਨ ਦੀ ਚੋਣ ਲਈ ਤਰੀਕ ਤੈਅ ਕੀਤੀ ਜਾਂਦੀ ਹੈ। ਉਸੇ ਤਰੀਕੇ ਨਾਲ ਮੀਟਿੰਗ ਬੁਲਾਈ ਗਈ। ਜਿਸ ਵਿੱਚ ਲਾਮਿਸਾਲ ਸ਼ੈਲਰ ਮਾਲਕ ਇਕੱਠੇ ਹੋਏ ਅਤੇ ਸ਼ੈਲਰ ਮਾਲਕਾਂ ਨੇ ਪਰੰਪਰਾ ਅਨੁਸਾਰ ਚਰਨਜੀਤ ਸ਼ਰਮਾ ਨੂੰ ਪ੍ਰਧਾਨ ਚੁਣਿਆ ਗਿਆ । ਜਦੋਂ ਕਿ 8 ਸਤੰਬਰ ਨੂੰ ਹੋਈ ਚੋਣ ਨਿਯਮਾਂ ਤੋਂ ਬਾਹਰ ਜਾ ਕੇ ਕੀਤੀ ਗਈ ਅਤੇ ਮਿਲਰਾਂ ਤੇ ਦਬਾਅ ਬਣਾਇਆ ਗਿਆ। ਪਹਿਲਾਂ ਹੋਈ ਚੋਣ ਰਾਜਨੀਤਕ ਪਾਰਟੀ ਦੀ ਸ਼ਹਿ ਤੇ ਕੀਤੀ ਗਈ ਸੀ। ਨਵ-ਨਿਯੁਕਤ ਪ੍ਰਧਾਨ ਚਰਨਜੀਤ ਸ਼ਰਮਾ ਨੇ ਕਿਹਾ ਕਿ ਪਹਿਲਾਂ ਹੋਈ ਚੋਣ ਗੈਰਕਾਨੂੰਨੀ ਸੀ। ਇਸ ਚੋਣ ਸਮੇਂ ਬਾਹਰਲੇ ਵਿਅਕਤੀ ਹੀ ਆਏ ਸਨ। ਜਿਨ੍ਹਾਂ ਦਾ ਸ਼ੈਲਰ ਉਦਯੋਗ ਨਾਲ ਕੋਈ ਸਬੰਧ ਨਹੀਂ। ਮੈਂ ਪਹਿਲਾਂ ਵੀ ਟ੍ਰੇਡ ਲਈ ਨਿਸ਼ਕਾਮ ਸੇਵਾ ਕੀਤੀ ਹੈ ਤੇ ਹੁਣ ਵੀ ਸ਼ੈੱਲਰਾਂ ਦੇ ਹਿੱਤ ਵਿੱਚ ਕੰਮ ਕਰਾਂਗਾ।

## ■ ਮੈਂ ਸ਼ੈਲਰ ਯੂਨੀਅਨ ਦੇ ਹਿੱਤਾਂ ਲਈ ਕੰਮ ਕਰਾਂਗਾ : ਸ਼ਰਮਾ

ਹੁਣ ਦੇਖਣਾ ਇਹ ਹੋਵੇਗਾ ਕਿ ਇਹ ਦੋਵੇਂ ਚੋਣਾਂ ਇਕੱਠੀਆਂ ਹੁੰਦੀਆਂ ਹਨ ਜਾਂ ਰੇਲ ਗੱਡੀ ਦੀ ਲਾਈਨ ਮੁਤਾਬਕ ਵੱਖੋ-ਵੱਖ ਚੱਲਣਗੀਆਂ। ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ। ਇਸ ਸਮੇਂ ਸ਼ੈਲਰ ਮਾਲਕਾਂ ਵੱਲੋਂ ਕਾਮਰੇਡ ਸਤਵੰਤ ਸਿੰਘ ਖੰਡੇਬਾਦ, ਮੇਘ ਰਾਜ, ਗੌਰਵ ਗੋਇਲ, ਸੁਭਾਸ਼ ਬਰਨਾਲਾ, ਸੱਤਪਾਲ ਜਵਾਹਰਵਾਲਾ, ਰਾਮਚੰਦਰ ਖੰਡੇਬਾਦ ਤੋਂ ਇਲਾਵਾ ਪ੍ਰਧਾਨ ਜੀਵਨ ਕੁਮਾਰ ਰੱਬੜ, ਨੰਦਲਾਲ ਨੰਦੂ, ਪ੍ਰਮੋਦ ਕੁਮਾਰ ਲੋਗੀ, ਇੰਦਰ ਚੰਦ ਖੰਡੇਬਾਦੀਆ, ਦੀਪਕ ਜੈਨ ਅਤੇ ਹੋਰ ਸ਼ੈੱਲਰ ਮਾਲਕ ਵੀ ਮੌਜੂਦ ਸਨ।



**ਲੁਧਿਆਣਾ/ਸੁਖਚੈਨ ਮਹਿਰਾ**

ਥਾਣਾ ਦਰੇਸੀ ਦੇ ਅਧੀਨ ਪੈਂਦੇ ਜੋਧੇਵਾਲ ਬਸਤੀ ਚੌਕ ਦੇ ਨੇੜੇ ਇਕ ਅਣਪਛਾਤੇ ਵਿਅਕਤੀ ਦੀ ਲਾਸ਼ ਮਿਲੀ ਹੈ ਜਿਸ ਦੀ ਉਮਰ ਤਕਰੀਬਨ 60 ਸਾਲ ਦੇ ਕਰੀਬ ਹੈ ਥਾਣਾ ਦਰੇਸੀ ਵੱਲੋਂ 174 ਦੀ ਕਾਰਵਾਈ ਕਰਦੇ ਹੋਏ ਲਾਸ਼ ਨੂੰ ਸ਼ਨਾਖ਼ਤ ਲਈ ਸਿਵਲ ਹਸਪਤਾਲ ਦੀ ਮੋਰਚਰੀ ਵਿੱਚ ਰਖਵਾਇਆ ਗਿਆ ਹੈ।

# ਡਿਊਟੀ ਤੇ ਤਾਇਨਾਤ ਪੁਲੀਸ ਮੁਲਾਜਮ ਦੀ ਗੋਲੀ ਲੱਗਣ ਨਾਲ ਹੋਈ ਮੌਤ

**ਪਠਾਨਕੋਟ/ਸੁਖਵਿੰਦਰ ਜੰਡੀਰ**



ਪੰਜਾਬ ਨੂੰ ਜੇ ਐਂਡ ਕੇ ਨਾਲ ਜੋੜਨ ਵਾਲਾ ਅਟਲ ਸੇਤੂ ਪੁਲ (ਬਸੋਲੀ ਪੁਲ )- ਤੇ ਤੈਨਾਤ ਏ ਐੱਸ ਆਈ ਵਿਕਟਰ ਮਸੀਹ ਨਾਲ ਉਸ ਸਮੇਂ ਇਕ ਵੱਡਾ ਹਾਦਸਾ ਵਾਪਰ ਗਿਆ ਜਦੋਂ ਆਪਣੀ ਹੀ ਸਰਵਿਸ ਰਾਈਫਲ ਦੀ ਗੋਲੀ ਲੱਗਣ ਨਾਲ ਉਸਦੀ ਮੌਤ ਹੋ ਗਈ ਤੁਹਾਨੂੰ ਦੱਸ ਦਈਏ ਕਿ ਮ੍ਰਿਤਕ ਵਿਕਟਰ ਮਸੀਹ ਵਾਸੀ ਧਾਰੀਵਾਲ ਨੌਸ਼ਹਿਰਾ ਮੱਝਾ ਜ਼ਿਲ੍ਹਾ ਗੁਰਦਾਸਪੁਰ ਦਾ ਰਹਿਣ ਵਾਲਾ ਸੀ ਇਸ ਬਾਰੇ ਜਾਣਕਾਰੀ ਦਿੰਦੇ ਹੋਏ ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਵਿਕਟਰ ਮਸੀਹ ਆਪਣੀ ਸਰਵਿਸ ਰਾਈਫਲ ਨੂੰ ਸਾਫ ਕਰ ਰਿਹਾ ਸੀ ਕਿ ਅਚਾਨਕ ਟ੍ਰੇਗਰ ਦੇ ਦੱਬੇ ਜਾਣ ਨਾਲ ਗੋਲੀ ਚੱਲ ਗਈ ਜਿਸ ਕਾਰਨ ਉਸਦੀ ਮੌਤ ਹੋ ਗਈ।

# ਪਿੰਡ ਰਾਏਪੁਰ ਖੁਰਦ ਦੀ ਪੰਚਾਇਤ ਨੂੰ ਚੈੱਕ ਸੌਂਪਦੇ ਹੋਏ ਕੈਬਨਿਟ ਮੰਤਰੀ ਬਲਬੀਰ ਸਿੰਘ ਸਿੱਧੂ




**ਜ਼ੀਰਕਪੁਰ/ਰਵੀ ਜੀਰਕਪੁਰ**

ਐਮਕੇਅਰ ਹਸਪਤਾਲ, ਜੀਰਕਪੁਰ ਵਿਚ ਨੀ-ਜਾਇੰਟ (ਗੋਡੇ) ਕੇਅਰ ਪ੍ਰੋਗਰਾਮ ਦੇ ਤਹਿਤ ਨਵੀਂ ਸਟਿਚਲੈਸ ਐਂਡ ਪੇਨਲੈਸ ਨੀ-ਰਿਪਲੇਸਮੈਂਟ (ਐਸਐਲਪੀਐਲ) ਤਕਨੀਕ ਨੂੰ ਲਾਂਚ ਕੀਤਾ ਗਿਆ ਹੈ ਸ਼ਨੀਵਾਰ ਨੂੰ ਇਹ ਜਾਣਕਾਰੀ ਦਿੰਦੇ ਹੋਏ, ਡਾ. ਗਗਨਦੀਪ ਗੁਪਤਾ, ਕੰਸਲਟੈਂਟ - ਆਰਥੋਪੇਡਿਕਸ ਐਂਡ ਜਾਇੰਟ ਰਿਪਲੇਸਮੈਂਟ, ਐਮਕੇਅਰ ਹਸਪਤਾਲ, ਨੇ ਕਿਹਾ ਕਿ ਗੋਡੇ ਦੇ ਟਰਾਂਸਪਲਾਂਟ ਵਿਚ ਆਮ ਤੌਰ ਤੇ ਚੀਰਾ ਅਤੇ ਟਾਂਕੇ ਲੱਗਦੇ ਹਨ ਅਤੇ ਲੰਮੇਂ ਸਮੇਂ ਤੱਕ ਸੰਪੂਰਣ ਬੈਡ ਰੈਸਟ ਸ਼ਾਮਲ ਹੁੰਦੀ ਹੈ। ਪਰ ਹੁਣ ਨਵੀਂ ਸਟਿਚਲੈਸ ਐਂਡ ਪੇਨਲੈਸ ਤਕਨੀਕ ਦੀ ਵਰਤੋਂ ਤੋਂ ਬਿਨਾਂ ਟਾਂਕੇ ਦੇ ਗੋਡੇ ਬਦਲੇ ਜਾ ਸਕਦੇ ਹਨ। ਉਨ ਾਂ ਨੇ ਦੱਸਿਆ ਕਿ ਇਹ ਨਵੀਂ ਤਕਨੀਕ ਬਹੁਤ ਮਸ਼ਹੂਰ ਹੋ ਗਈ ਹੈ, ਇਸ ਤਕਨੀਕ ਵਿਚ ਸਰਜਰੀ ਦੇ ਦੌਰਾਨ ਟਾਂਕੇ ਲਗਾਉਣ ਦੀ ਜਰੂਰਤ ਨਹੀਂ ਪੈਂਦੀ ਅਤੇ ਇਹ ਲਗਭਗ ਦਰਦ ਰਹਿਤ ਹੈ। ਡਾ. ਗੁਪਤਾ, ਜਿਨ ਾਂ ਨੇ ਐਸਐਲਪੀਐਲ ਦੇ ਨਾਲ 300 ਨਾਲੋਂ ਜਿਆਦਾ ਰੋਗੀਆਂ ਦਾ ਆਪਰੇਸ਼ਨ ਕੀਤਾ ਹੈ, ਨੇ ਅੱਗੇ ਦੱਸਿਆ ਕਿ ਐਸਐਲਪੀਐਲ ਦੇ ਬਾਅਦ ਇਲਾਜ ਦੇ ਬਾਅਦ ਰਿਕਵਰੀ ਹੁੰਦੀ ਹੈ ਅਤੇ ਹਸਪਤਾਲ ਤੋਂ ਘੱਟ ਸਮੇਂ ਦੇ ਅੰਦਰ ਛੁੱਟੀ ਦੇ ਦਿੱਤੀ ਜਾਂਦੀ ਹੈ ਅਤੇ ਫਾਲੋਅਪ ਦੀ ਜਰੂਰਤ ਵੀ ਘੱਟ ਪੈਂਦੀ ਹੈ। ਡਾ. ਬ੍ਰਸ਼ੂ ਹਰਨਾ, ਆਰਥੋਪੈਡਿਕੇਨ ਨੇ ਕਿਹਾ ਕਿ ਇਸ ਤੋਂ ਇਲਾਵਾ ਮਰੀਜ ਸਰਜਰੀ ਦੇ ਤੁਰੰਤ ਬਾਅਦ ਸਨਾਨ ਕਰ ਸਕਦਾ ਹੈ। ਪੱਟੀ ਬਦਲਣ ਦੀ ਵੀ ਜਰੂਰਤ ਨਹੀਂ ਹੁੰਦੀ। ਉਨ ਾਂ ਨੇ ਜੋਰ ਦੇ ਕੇ ਕਿਹਾ ਕਿ ਇਹ ਤਕਨੀਕ ਕਾਸਮੈਟਿਕ ਰੂਪ ਨਾਲ ਬਿਹਤਰ ਹੈ ਕਿਉਂਕਿ ਗੋਡੇ ਤੇ ਕੋਈ ਨਿਸ਼ਾਨ ਨਹੀਂ ਰਹਿੰਦਾ ਅਤੇ ਇਸ ਤਕਨੀਕ ਨਾਲ ਮੇਟਲ ਸਟਿਚ ਦੇ ਉਲਟ ਸੰਕ੍ਰਮਣ ਹੋਣ ਦੀ ਸੰਭਾਵਨਾ ਘੱਟ ਹੈ ਅਭਿਤੇਜ ਨਿੱਬਰ, ਐਮਕੇਅਰ ਹਸਪਤਾਲ ਦੇ ਡਾਇਰੈਕਟਰ ਨੇ ਕਿਹਾ ਕਿ ਐਮਕੇਅਰ ਜੋੜਾਂ ਦੇ ਰੋਗੀਆਂ ਨੂੰ ਬਹੁਤ ਸਸਤੀਆਂ ਦਰਾਂ ਤੇ ਉੱਚ ਇਲਾਜ ਪ੍ਰਦਾਨ ਕਰ ਰਿਹਾ ਹੈ।

# ਭਾਖੜਾ ਵਿਚੋਂ ਮਿਲੀ ਇੱਕ ਵਿਅਕਤੀ ਦੀ ਲਾਸ਼

**ਰਾਮਾਂ ਮੰਡੀ/ਅਨਿਲ ਜੈਨ**

ਨੇੜਲੇ ਪਿੰਡ ਗੋਲੇਵਾਲਾ ਕੋਲ ਭਾਖੜਾ ਨਹਿਰ ਵਿੱਚੋਂ ਇੱਕ ਵਿਅਕਤੀ ਦੀ ਲਾਸ ਪਈ ਹੋਣ ਦੀ ਸੂਚਨਾ ਮਿਲਣ ਦਾ ਸਮਾਚਾਰ ਹੈ । ਮਿਲੀ ਜਾਣਕਾਰੀ ਅਨੁਸਾਰ ਹੈਲਪ ਲਾਈਨ ਵੈਲਫੇਅਰ ਸੁਸਾਇਟੀ ਦੀ ਟੀਮ ਮਨਪ੍ਰੀਤ ਸਿੰਘ, ਜਨਕ ਸਿੰਘ ਅਤੇ ਪਾਇਲਟ ਸੇਰੂ ਲਾਸ ਦੀ ਸੂਚਨਾ ਮਿਲਣ ਤੇ ਸਿੰਗੋ ਪੁਲਿਸ ਸਮੇਤ ਮੌਕੇ ਤੇ ਪਹੁੰਚੇ ਤੇ ਲਾਸ ਨੂੰ ਪੁਲਿਸ ਦੀ ਹਾਜਰੀ ਵਿੱਚ ਭਾਖੜਾ ਨਹਿਰ ਵਿਚੋਂ ਬਾਹਰ ਕੱਢਿਆ ਗਿਆ। ਲਾਸ 15 ਕੁ ਦਿਨ ਪੁਰਾਣੀ ਲੱਗ ਰਹੀ ਹੈ । ਮ੍ਰਿਤਕ ਵਿਅਕਤੀ ਦੀ ਉਮਰ ਕਰੀਬ 30-35 ਸਾਲ ਦੇ ਕਰੀਬ ਹੈ ਅਤੇ ਮ੍ਰਿਤਕ ਵਿਅਕਤੀ ਦੇ ਮੋਢੇ ਉਪਰ ਇਕ ਟੈਟੂ ਬਣਿਆ ਹੋਇਆ ਹੈ। ਸੀਂਗੋ ਪੁਲੀਸ ਦੀ ਕਾਰਵਾਈ ਤੋਂ ਬਾਦ ਲਾਸ ਨੂੰ ਸਨਾਖਤ ਲਈ ਹੈਲਪ ਲਾਈਨ ਦੀ ਐਂਬੂਲੈਂਸ ਰਾਹੀਂ ਤਲਵੰਡੀ ਸਾਬੋ ਦੇ ਸਰਕਾਰੀ ਹਸਪਤਾਲ ਵਿੱਚ ਮੋਰਚੁਰੀ ਵਿੱਚ ਰੱਖਿਆ ਗਿਆ। ਵੇਰਵਾ - ਮ੍ਰਿਤਕ ਵਿਅਕਤੀ ਦੀ ਲਾਸ ਨੂੰ ਭਾਖੜਾ ਨਹਿਰ ਵਿਚੋਂ ਬਾਹਰ ਕੱਢ ਕੇ ਐਂਬੂਲੈਂਸ ਰਾਹੀਂ ਸਿਵਲ ਹਸਪਤਾਲ ਤਲਵੰਡੀ ਸਾਬੋ ਲਿਜਾਂਦੇ ਹੋਏ ਹੈਲਪ ਲਾਈਨ ਵੈਲਫੇਅਰ ਸੁਸਾਇਟੀ ਦੇ ਮੈਂਬਰ ।



# ਪਿੰਡ ਜੀਵਨ ਚੱਕ 'ਚ ਲੇਬਰ ਕਾਰਡ ਬਣਾਉਂਣ ਲਈ ਜਾਗਰੂਕਤਾ ਕੈਂਪ ਲਗਾਇਆ



**ਗੁਰਦਾਸਪੁਰ-ਨਵਨੀਤ ਕੁਮਾਰ/ਮੰਗੋਤਰਾ ਸਾਬ**

ਇੰਡੀਅਨ ਨੇਸ਼ਨਲ ਟਰੇਡ ਯੂਨੀਅਨ ਕਾਂਗਰਸ ਇੰਟਕ ਜਿਲ੍ਹਾ ਗੁਰਦਾਸਪੁਰ ਵੱਲੋਂ ਪਿੰਡ ਜੀਵਨ ਚੱਕ ਵਿੱਚ ਪਲਵਿੰਦਰ ਸਿੰਘ ਬੈਂਸ ਜਿਲ੍ਹਾ ਪ੍ਰਧਾਨ ਇੰਟਕ ਦੇ ਗ੍ਰਹਿ ਵਿੱਖੇ ਲੇਵਰ ਕਾਰਡ ਬਣਾਉਂਣ ਸਬੰਧੀ ਕੈਂਪ ਲਗਾਇਆ ਗਿਆ ।ਜਿਸ ਵਿੱਚ ਜਥੇਬੰਦੀਆਂ ਵੱਲੋਂ ਸਰਕਾਰ ਵੱਲੋਂ ਮਜਦੂਰਾਂ ਨੂੰ ਦਿੱਤੀਆਂ ਜਾਂਦੀਆਂ ਸਹੂਲਤਾਂ ਸਬੰਧੀ ਜਾਗਰੂਕ ਕੀਤਾ ਗਿਆ । ਲੇਵਰ ਜਾਗਰੂਤਾਂ ਕੈਂਪ ਵਿੱਚ ਪੰਜਾਬ ਪ੍ਰਦੇਸ਼ ਦਿਹਾਤੀ ਮਜਦੂਰ ਕਾਂਗਰਸ ਸਬੰਧਤ ਇੰਟਕ ਦੇ ਜਿਲ੍ਹਾ ਪ੍ਰਧਾਨ ਖਜਾਨ ਮਸੀਹ ਸਾਬੀ ,ਦਵਿੰਦਰਜੀਤ ਸਿੰਘ ਬਾਗੜੀਆ ਵੱਲੋਂ ਸਮੂਲੀਅਤ ਕੀਤੀ ਗਈ ।ਇਸ ਕੈਂਪ ਵਿੱਚ ਜਿਹਨਾਂ ਮਜਦੂਰਾਂ ਦੇ ਲੇਬਰ ਕਾਰਡ ਨਹੀ ਸਨ ਬਣੇ ਦੇ ,ਉਹਨਾਂ ਦੀਆਂ ਫਾਈਲਾਂ ਪੜੀਆਂ ਗਈਆਂ । ਇਸ ਸਮੇਂ ਲੇਬਰ ਕਾਰਡ ਬਣਾਉਂਣ ਆਏ ਪਿੰਡ ਦੇ ਮਜਦੂਰਾਂ ਅਤੇ ਸਮਾਜ ਸੇਵਕ ਨਿਰੰਜਨ ਸਿੰਘ ਨਿੰਜਾ ਵੱਲੋਂ ਇੰਡੀਅਨ ਨੇਸ਼ਨਲ ਟਰੇਡ ਯੂਨੀਅਨ ਦਾ ਕਾਰਡ ਬਣਾਉਂਣ ਤੇ ਧੰਨਵਾਦ ਕੀਤਾ ਗਿਆ ।ਇਸ ਸਮੇਂ ਧਿਆਨ ਸਿੰਘ,ਸਰਬਨ ਕੁਮਾਰ,ਹਰਭਜਨ ਸਿੰਘ,ਅਮਰੀਕ ਸਿੰਘ,ਮਨਜੀਤ ਸਿੰਘ,ਅਮਰਜੀਤ ਸਿੰਘ, ਜਸਪਾਲ,ਰਾਕੇਸ਼ ਕੁਮਾਰ,ਤਿਲਕ ਰਾਜ,ਸੁਰਜੀਤ ਕੁਮਾਰ,ਆਦਿ ਹਾਜ਼ਰ ਸਨ ।




# ਖ਼ੂਨਦਾਨ ਕੈਂਪ ਵਿੱਚ 52 ਖ਼ੂਨਦਾਨੀਆਂ ਨੇ ਖ਼ੂਨਦਾਨ ਕੀਤਾ

**ਜ਼ੀਰਕਪੁਰ/ਰਵੀ ਜੀਰਕਪੁਰ**

ਵਿਸ਼ਵਾਸ ਫਾਉਂਡੇਸ਼ਨ ਅਤੇ ਭਾਰਤ ਵਿਕਾਸ ਪ੍ਰੀਸ਼ਦ, ਜ਼ੀਰਕਪੁਰ ਨੇ ਮਿਲ ਕੇ ਹਾਈ ਸਟਰੀਟ ਮਾਰਕੀਟ ਬਲਾਕ ਬੀ ਵਿੱਚ ਖ਼ੂਨਦਾਨ ਕੈਂਪ ਲਗਾਇਆ। ਇਹ ਖ਼ੂਨਦਾਨ ਕੈਂਪ ਇੰਡੀਅਨ ਰੈਡ ਕਰਾਸ ਸੁਸਾਇਟੀ ਜ਼ਿਲ੍ਹਾ ਸ਼ਾਖਾ ਮੁਹਾਲੀ ਦੇ ਸਹਿਯੋਗ ਨਾਲ ਲਗਾਇਆ ਗਿਆ। ਬਲੱਡ ਬੈਂਕ ਐਮ ਕੇਅਰ ਹਸਪਤਾਲ ਬਲੱਡ ਸੈਂਟਰ ਵੀਆਈਪੀ ਰੋਡ ਜ਼ੀਰਕਪੁਰ ਦੀ ਟੀਮ ਨੇ ਡਾ: ਗੌਰਵ ਦੀ ਨਿਗਰਾਨੀ ਹੇਠ ਖ਼ੂਨ ਇਕੱਤਰ ਕੀਤਾ। ਇਹ ਕੈਂਪ ਸਵੇਰੇ 10 ਵਜੇ ਸ਼ੁਰੂ ਹੋਇਆ ਅਤੇ ਸ਼ਾਮ 4 ਵਜੇ ਤੱਕ ਚੱਲਿਆ। ਇਸ ਦੌਰਾਨ, ਕੋਵਿਡ -19 ਤੋਂ ਸੁਰੱਖਿਆ ਲਈ ਵਿਸ਼ੇਸ਼ ਧਿਆਨ ਰੱਖਿਆ ਗਿਆ ਜਿਵੇਂ ਕਿ ਸਮਾਜਕ ਦੂਰੀਆਂ, ਮਾਸਕ ਅਤੇ ਸਵੱਛਤਾ। 52 ਖ਼ੂਨਦਾਨੀਆਂ ਨੇ ਆਪਣੀ ਮਰਜ਼ੀ ਨਾਲ ਖ਼ੂਨਦਾਨ ਕੀਤਾ ।ਵਿਸ਼ਵਾਸ ਫਾਉਂਡੇਸ਼ਨ ਦੀ ਜਨਰਲ ਸਕੱਤਰ ਸਾਧਵੀ ਨੀਲਿਮਾ ਵਿਸ਼ਵਾਸ ਅਤੇ ਭਾਰਤ ਵਿਕਾਸ ਪ੍ਰੀਸ਼ਦ, ਜ਼ੀਰਕਪੁਰ ਦੇ ਜ਼ੋਨਲ ਪ੍ਰਧਾਨ ਬ੍ਰਿਜ ਮਹਾਜਨ ਨੇ ਦੱਸਿਆ ਕਿ ਕੈਂਪ ਦਾ ਉਦਘਾਟਨ ਭਾਰਤ ਵਿਕਾਸ ਪ੍ਰੀਸ਼ਦ, ਜ਼ੀਰਕਪੁਰ ਪੰਜਾਬ ਪੂਰਬੀ ਪ੍ਰਧਾਨ ਸ਼੍ਰੀ ਸੋਮ ਨਾਥ ਰਾਣਾ ਅਤੇ ਸੂਬਾ ਮੀਤ ਪ੍ਰਧਾਨ ਡਾ: ਸਤੀਸ਼ ਕੌਸ਼ਿਕ ਦੁਆਰਾ ਕੀਤਾ ਗਿਆ। ਸ਼੍ਰੀ ਪਵਨ ਜੈਨ, ਚੇਅਰਮੈਨ, ਰਾਇਲ ਪਾਮ ਹਾਈ ਸਟ੍ਰੀਟ ਮਾਰਕੀਟ ਬਲਾਕ ਬੀ ਨੇ ਕੈਂਪ ਨੂੰ ਸਫਲ ਬਣਾਉਣ ਲਈ ਅਣਥੱਕ ਮਿਹਨਤ ਕੀਤੀ। ਉਸਨੇ ਦੱਸਿਆ ਕਿ ਲੋਕਾਂ ਵਿੱਚ ਇੱਕ ਗਲਤ ਧਾਰਨਾ ਹੈ ਕਿ ਖ਼ੂਨਦਾਨ ਕਰਨ ਨਾਲ ਸਰੀਰ ਵਿੱਚ ਕਮਜ਼ੋਰੀ ਆਉਂਦੀ ਹੈ। ਖ਼ੂਨਦਾਨ ਕਰਨ ਨਾਲ ਕੋਈ ਕਮਜ਼ੋਰੀ ਨਹੀਂ ਹੁੰਦੀ, ਬਲਕਿ ਹਰ ਕਿਸੇ ਨੂੰ 90 ਦਿਨਾਂ ਵਿੱਚ ਇੱਕ ਵਾਰ ਖ਼ੂਨਦਾਨ ਕਰਨਾ ਚਾਹੀਦਾ ਹੈ। ਇਹ ਲੋੜਵੰਦਾਂ ਦੀ ਮਦਦ ਕਰਨ ਦੇ ਨਾਲ ਨਾਲ ਸਰੀਰ ਨੂੰ ਤੰਦਰੁਸਤ ਰੱਖਦਾ ਹੈ। ਬ੍ਰਿਜ ਮਹਾਜਨ ਨੇ ਦੱਸਿਆ ਕਿ ਖ਼ੂਨਦਾਨ ਮਹਾਨ ਦਾਨ ਹੈ ਅਤੇ ਖ਼ੂਨ ਦਾ ਕੋਈ ਬਦਲ ਨਹੀਂ ਹੈ ਅਤੇ ਨਾ ਹੀ ਇਸ ਨੂੰ ਨਕਲੀ ਬਣਾਇਆ ਜਾ ਸਕਦਾ ਹੈ। ਖ਼ੂਨਦਾਨ ਕਰਨ ਵਰਗਾ ਨੇਕ ਕਾਰਜ ਸਭ ਤੋਂ ਵੱਡੀ ਸੇਵਾ ਵਿੱਚ ਆਉਂਦਾ ਹੈ। ਪਹਿਲਾਂ, ਖ਼ੂਨਦਾਨ, ਸਰੀਰ ਵਿੱਚ ਕਮਜ਼ੋਰੀ ਅਤੇ ਬਿਮਾਰੀ ਵਰਗੀਆਂ ਬਹੁਤ ਸਾਰੀਆਂ ਗਲਤ ਧਾਰਨਾਵਾਂ ਸਨ, ਪਰ ਅੱਜ ਇਹ ਭੁਲੇਖੇ ਦੂਰ ਹੋ ਗਏ ਹਨ ਅਤੇ ਸਾਡੇ ਨੌਜਵਾਨ ਵੱਡੀ ਗਿਣਤੀ ਵਿੱਚ ਖ਼ੂਨਦਾਨ ਕਰ ਰਹੇ ਹਨ। ਇਹ ਖੁਸ਼ੀ ਦੀ ਗੱਲ ਹੈ ਕਿ ਅੱਜ ਸਾਡੀਆਂ ਧੀਆਂ ਵੀ ਖ਼ੂਨਦਾਨ ਕਰਨ ਦੇ ਮਾਮਲੇ ਵਿੱਚ ਲੜਕਿਆਂ ਤੋਂ ਪਿੱਛੇ ਨਹੀਂ ਹਨ ਅਤੇ ਖੁਦ ਅੱਗੇ ਆ ਕੇ ਖ਼ੂਨਦਾਨ ਕਰ ਰਹੀਆਂ ਹਨ। ਖ਼ੂਨ ਦੀ ਸਮੇਂ ਸਿਰ ਉਪਲਬਧਤਾ ਇੱਕ ਅਨਮੋਲ ਜੀਵਨ ਨੂੰ ਬਚਾ ਸਕਦੀ ਹੈ। ਜੇ ਅਸੀਂ ਖ਼ੂਨਦਾਨ ਦੁਆਰਾ ਕਿਸੇ ਦੀ ਜਾਨ ਬਚਾ ਸਕਦੇ ਹਾਂ ਤਾਂ ਇਸ ਤੋਂ ਵੱਡਾ ਉਪਕਾਰ ਹੋਰ ਕੋਈ ਨਹੀਂ ਹੋ ਸਕਦਾ।ਕੈਂਪ ਦੇ ਅੰਤ ਵਿੱਚ, ਸਾਰੇ ਖ਼ੂਨਦਾਨੀਆਂ ਨੂੰ ਪ੍ਰਸ਼ੰਸਾ ਪੱਤਰ, ਬੈਜ, ਮਾਸਕ, ਯਾਦਗਾਰੀ ਚਿੰਨ ਅਤੇ ਤੋਹਫੇ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਭਾਰਤ ਵਿਕਾਸ ਪ੍ਰੀਸ਼ਦ ਤੋਂ ਜ਼ੋਨਲ ਸਕੱਤਰ ਬਰਖਾ ਰਾਮ, ਡਾ: ਜੇਸੀ ਮਨੋਚਾ, ਨਿਹਾਰਿਕਾ ਗਰਗ, ਐਡਵੋਕੇਟ ਵਿਸ਼ਾਲ ਗਰਗ, ਗਗਨ ਮਹਿਤਾ, ਚੰਪਾ ਰਾਣਾ, ਸੁਨੀਤਾ ਡੋਗਰਾ, ਪ੍ਰੀਤੀ ਜੈਨ, ਵਿਜੇਤਾ ਦੀਕਸ਼ਿਤ, ਮੋਨਿਕਾ, ਰਸ਼ਮੀ, ਪਾਇਲ, ਹਿਮਾਕਸ਼ੀ, ਈਸ਼ਾਨ, ਮਨਮੋਹਨ ਆਦਿ ਹਾਜ਼ਰ ਸਨ ਭਾਰਤ ਵਿਕਾਸ ਪ੍ਰੀਸ਼ਦ, ਡਾ। ਗਾਂਧੀ, ਪ੍ਰੇਮ ਜਿੰਦਲ, ਅਰਸ਼ ਅਗਰਵਾਲ, ਨਵੀਨ ਸਾਂਗਵਾਨ, ਸਿਮਰਨ ਬੇਦੀ, ਸਤੀਸ਼ ਬਾਂਸਲ ਅਤੇ ਵਿਸ਼ਵਾਸ ਫਾਉਂਡੇਸ਼ਨ ਦੇ ਰਿਸ਼ੀ ਸ਼ਾਸ਼ਵਤ ਵਿਸ਼ਵਾਸ, ਸੰਦੀਪ ਪਰਮਾਰ ਅਤੇ ਬਲੱਡ ਬੈਂਕ ਦੇ ਡਾਕਟਰ ਵੀ ਮੌਜੂਦ ਸਨ।

# ਬ੍ਰਿਟਿਸ਼ ਕਾਨਵੈਂਟ ਸਕੂਲ ਦੀ ਵਿਦਿਆਰਥਣ ਗੁਰਨੂਰ ਕੌਰ ਵੱਲੋਂ ਭਾਸ਼ਣ ਮੁਕਾਬਲੇ ਵਿੱਚ ਆਪਣੇ ਹੁਨਰ ਦਾ ਪ੍ਰਗਟਾਵਾ

**ਸੁਨਾਮ ਊਧਮ ਸਿੰਘ ਵਾਲਾ/ਵਰਮਾ**

■ ਆਈਸੀਐਸਈ ਸਕੂਲਾਂ ਦੇ ਵਿਦਿਆਰਥੀਆਂ ਦੇ ਮੁਕਾਬਲੇ ਚੋਂ ਦੂਜੇ ਸਥਾਨ ਤੇ ਰਹੀ ਗੁਰਨੂਰ




ਸ਼੍ਰੋਮਣੀ ਅਕਾਲੀ ਦਲ ਬ ਦੇ ਬੁਲਾਰੇ ਤੇ ਭਾਸ਼ਣ ਕਲਾ ਵਿੱਚ ਬੇਜੋੜ ਆਗੂ ਵਿਨਰਜੀਤ ਗੋਲਡੀ ਦੀ ਲਾਡਲੀ ਧੀ ਗੁਰਨੂਰ ਵੀ ਭਾਸ਼ਣ ਕਲਾ ਵਿੱਚ ਪਰਪੱਕਤਾ ਦਿਖਾਉਣ ਲੱਗੀ ਹੈ ਪਿਛਲੇ ਦਿਨੀਂ ਪੰਜਾਬ ਪੱਧਰ ਤੇ ਆਨਲਾਈਨ ਆਯੋਜਿਤ ਇੱਕ ਭਾਸ਼ਣ ਮੁਕਾਬਲਾ ਕਰਵਾਇਆ ਗਿਆ ਜਿਸ ਵਿੱਚ ਵੱਡੀ ਗਿਣਤੀ ਵਿੱਚ ਸਕੂਲਾਂ ਦੇ ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ ਇਨ੍ਹਾਂ ਵਿਦਿਆਰਥੀਆਂ ਦੇ ਹੋਏ ਮੁਕਾਬਲੇ ਵਿੱਚੋਂ ਗੁਰਨੂਰ ਨੇ ਆਪਣੇ ਹੁਨਰ ਦਾ ਪ੍ਰਗਟਾਵਾ ਕਰਦਿਆਂ ਦੂਜਾ ਸਥਾਨ ਹਾਸਲ ਕੀਤਾ ਹੈ ਜ਼ਿਕਰਯੋਗ ਹੈ ਕਿ ਗੁਰਨੂਰ ਕੌਰ ਬ੍ਰਿਟਿਸ਼ ਇੰਟਰਨੈਸ਼ਨਲ ਕਾਨਵੈਂਟ ਸਕੂਲ ਦੀ ਦਸਵੀਂ ਦੀ ਵਿਦਿਆਰਥਣ ਹੈ ਪਿਛਲੇ ਦਿਨੀਂ ਸਕੂਲ ਵਿਖੇ ਹੀ ਆਈ ਸੀ ਐੱਸ ਈ ਦੇ 30 ਸਕੂਲਾਂ ਦੇ ਵਿਦਿਆਰਥੀਆਂ ਦਾ ਭਾਸ਼ਣ ਮੁਕਾਬਲਾ (ਡੈਕਲਾਮੇਸ਼ਨ ਕੰਪੀਟੀਸ਼ਨ) ਕਰਵਾਇਆ ਗਿਆ ਸੀ। ਜਿਸ ਵਿੱਚ ਗੁਰਨੂਰ ਕੌਰ ਨੇ ਆਪਣੀ ਭਾਸ਼ਣ ਕਲਾ ਵਿੱਚ ਨਿਪੁੰਨਤਾ ਦਾ ਸਬੂਤ ਦਿੰਦੇ ਹੋਏ ਜੱਜਮੈਂਟ ਟੀਮ ਨੂੰ ਕਾਫੀ ਪ੍ਰਭਾਵਤ ਕੀਤਾ ਸੀ। ਪੂਰੇ ਭਾਸ਼ਣ ਵਿੱਚ ਗੁਰਨੂਰ ਦੀ ਵਿਸ਼ੇ ਤੇ ਪਕੜ ਤੇ ਸ਼ਬਦਾਂ ਦੀ ਚੋਣ ਨੇ ਪਰਖ ਟੀਮ ਨੂੰ ਕਾਫੀ ਪ੍ਰਭਾਵਿਤ ਕੀਤਾ। ਗੁਰਨੂਰ ਕੌਰ ਨੇ ਦੱਸਿਆ ਕਿ ਇਸ ਪ੍ਰਾਪਤੀ ਪਿੱਛੇ ਉਨ੍ਹਾਂ ਦੇ ਮਾਤਾ- ਪਿਤਾ, ਅਧਿਆਪਕਾਂ ਦੀ ਸਿੱਖਿਆ ਅਤੇ ਉਨ੍ਹਾਂ ਦੀ ਮਿਹਨਤ ਦਾ ਅਸਰ ਹੈ। ਆਪਣੀ ਧੀ ਦੀ ਪ੍ਰਾਪਤੀ ਤੇ ਖੁਸ਼ੀ ਸਾਂਝੀ ਕਰਦਿਆਂ ਵਿਨਰਜੀਤ ਸਿੰਘ ਗੋਲਡੀ ਤੇ ਗੁਰਨੂਰ ਦੇ ਮਾਤਾ ਸ੍ਰੀਮਤੀ ਕਿਰਨ ਦੀਪ ਕੌਰ ਨੇ ਕਿਹਾ ਕਿ ਉਨ੍ਹਾਂ ਨੇ ਆਪਣੀ ਧੀ ਦਾ ਪਾਲਣ ਪੋਸ਼ਣ ਉਸ ਦੀ ਸੋਚ ਅਨੁਸਾਰ ਕੀਤਾ ਹੈ। ਜਿਸ ਕਾਰਨ ਅੱਜ ਉਹ ਪੂਰੇ ਵਿਸ਼ਵਾਸ ਨਾਲ ਹਰ ਖੇਤਰ ਵਿੱਚ ਸਫਲ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਕੁੜੀਆਂ ਤੇ ਮੁੰਡਿਆਂ ਵਿੱਚ ਕੋਈ ਫਰਕ ਨਹੀਂ ਹੈ। ਕਿਉਂਕਿ ਹਰ ਖੇਤਰ ਵਿੱਚ ਕੁੜੀਆਂ, ਮੁੰਡਿਆਂ ਤੋਂ ਵਧ ਕੇ ਪ੍ਰਦਰਸ਼ਨ ਕਰ ਰਹੀਆਂ ਹਨ। ਵਿਨਰਜੀਤ ਗੋਲਡੀ ਨੇ ਕਿਹਾ ਕਿ ਸਭ ਤੋਂ ਵੱਡੀ ਗੱਲ ਇਨਸਾਨ ਬਣਨਾ ਹੈ। ਸਕੂਲ ਦੇ ਐਮ ਡੀ ਰਾਜੇਸ਼ ਜੌੜਾ ਅਤੇ ਪ੍ਰਿੰਸੀਪਲ ਸੋਨਲ ਜੋੜਾ ਨੇ ਕਿਹਾ ਕਿ ਸਕੂਲ ਦਾ ਸਮੁੱਚਾ ਸਟਾਫ ਬੱਚਿਆਂ ਨੂੰ ਹਰ ਖੇਤਰ ਵਿੱਚ ਅੱਗੇ ਵਧਾਉਣ ਲਈ ਪੂਰੀ ਤਨਦੇਹੀ ਨਾਲ ਕੰਮ ਕਰ ਰਿਹਾ ਹੈ। ਜਿਸ ਕਾਰਨ ਅੱਜ ਸਾਡੇ ਸਕੂਲ ਦੀ ਵਿਦਿਆਰਥਣ ਜ਼ਿਲ੍ਹੇ ਵਿੱਚੋਂ ਪਹਿਲੇ ਅਤੇ ਜ਼ੋਨ ਵਿੱਚੋਂ ਦੂਜੇ ਸਥਾਨ ਤੇ ਆਈ ਹੈ। ਸਾਡੇ ਲਈ ਬਹੁਤ ਮਾਣ ਵਾਲੀ ਗੱਲ ਹੈ ਕਿ ਗੁਰਨੂਰ ਕੌਰ ਸਾਡੇ ਸਕੂਲ ਦੀ ਵਿਦਿਆਰਥਣ ਹੈ। ਅਸੀਂ ਉਮੀਦ ਕਰਦੇ ਹਾਂ ਕਿ ਗੁਰਨੂਰ ਕੌਰ ਭਵਿੱਖ ਵਿੱਚ ਵੀ ਸਾਡੇ ਸਕੂਲ ਅਤੇ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕਰਦੀ ਰਹੇਗੀ।

ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ॥
ਅਨਾਥ, ਵਿਧਵਾ, ਬੇਸਹਾਰਾ, ਲਚਾਰ ਪ੍ਰਾਣੀਆਂ ਦੀ ਸੇਵਾ ਹਿੱਤ
ਗੁਰੂ ਨਾਨਕ ਅਨਾਥ ਆਸ਼ਰਮ ਐਂਡ ਚੈਰੀਟੇਬਲ ਸੁਸਾਇਟੀ (ਰਜਿ.)
विधवा, बेसहारा, लाचार प्राणियों की सेवा में
गुरू नानक अनाथ आश्रम एण्ड चैरीटेबल सोसाईटी ( रजि. )
ਫੋਨ : 0181-2413760, ਮੋ. 95018-42008
GURU NANAK ANATH ASHRAM & CHARITABLE SOCIETY (REGD.)
P.N.B. A/C. No. 2205000121070723
ਦਾਨੀ ਸੱਜਣ ਇਨਕਮ ਟੈਕਸ ਛੋਟ ਵਾਸਤੇ ਮੁੱਖ ਦਫ਼ਤਰ ਰਾਮਾ ਮੰਡੀ, ਜਲੰਧਰ ਨਾਲ ਸੰਪਰਕ ਕਰਨ ਜੀ।
Vill. Buddana, P.o. Kapoor Pind, Near Jandusinga, Distt Jalandhar (Pb.)

ਦੇਸ਼-ਵਿਦੇਸ਼ ਤੋਂ ਅਖ਼ਬਾਰ ਨੂੰ ਪੱਤਰਕਾਰ, ਲੇਖਕਾਂ ਦੀ ਲੋੜ ਹੈ ਚਾਹਵਾਨ ਸੰਪਰਕ ਕਰਨ ਪਤਾ-ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 0181-2211009, 99155-94111